# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥

JAN 1982




ਜਨ
ਵਰੀ
੧੯੮੨

www.AKJ.Org

# ਤ ਤ ਕ ਰਾ


| | | |
|---|---|---|
| ਸਮਰਪਣ ਤੇ ਆਪਾ ਅਰਪਣ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਸ੍ਰੀ ਦਸਮੇਸ਼ ਪੂਰਨੇ | ,, ,, ,, | ੬ |
| ਸੱਚਾ ਸਤਿਗੁਰ–ਸੱਚੀ ਗੁਰਬਾਣੀ | ਸਰਦਾਰ ਕੁੰਭੇਰ ਸਿੰਘ ਜੀ | ੯ |
| ਚੋਜੀ ਖੜਗੇਸ਼ ਪਿਤਾ ਤੇ ਸੈਦ ਖ਼ਾਂ | ਸ: ਮਨਮੋਹਨ ਸਿੰਘ ਜੀ ਬੱਲ | ੧੫ |
| ਕਲਗੀਵਾਲੇ ਪਿਆਰੇ ਮਾਹੀ ! ਤੇਰੇ ਨਾਮ ਦੀ ਦੁਹਾਈ (ਕਵਿਤਾ) | ਗਿ: ਹਜ਼ਾਰਾ ਸਿੰਘ D.S.P. | ੧੭ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੩੯) | ਕੈਪਟਿਨ ਸਵਰਨ ਸਿੰਘ ਜੀ | ੧੮ |
| ਜਬ ਲਗ ਖਾਲਸਾ ਰਹੇ ਨਿਆਰਾ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੨੭ |
| ਸਿਰ ਜਾਏ ਤਾਂ ਜਾਏ, ਮੇਰਾ ਸਿਖੀ ਸਿਦਕ ਨਾ ਜਾਏ | ਸਿਖ ਮਿਸ਼ਨਰੀ ਕਾਲਜ ਲੁਧਿਆਣਾ | ੩੩ |
| ਆਚਰਨ-ਉਸਾਰੀ ਵਿਚ ਦਸਮੇਸ਼ ਜੀ ਦੀ ਦੇਣ | ਪ੍ਰੋਫੈਸਰ ਸਾਹਿਬ ਸਿੰਘ ਜੀ | ੩੭ |
| ਜ਼ੁਲਮ ਦੀ ਅਤਿ | – – – | ੩੯ |
| ਸਿਖ ਕੌਮ ਦੀ ਇੱਜ਼ਤ ਤੇ ਕਮੀਨੇ ਹਮਲੇ | ਗਿਆਨੀ ਗੋਪਾਲ ਸਿੰਘ ਜੀ ਮਿਤਰ | ੪੧ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ੨ ਜਨਵਰੀ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਭਗਤ ਸਿੰਘ ਜੀ ਮੈਨਪੁਰੀ | ਕਾਕਾ ਰਣਜੀਤ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11–00 |
| ਸ: ਹਰਬੰਸ ਸਿੰਘ ਜੀ ਮੈਨਪੁਰੀ | ਸੂਰਾ ਦੀ ਚੜ੍ਹਦੀ ਕਲਾ ਲਈ | 10–00 |
| ਸਿਖ ਸੰਗਤ ਦੇਉਲਾਲੀ (ਸਕੂਲ ਆਫ਼ ਆਰਟਿਲਰੀ) | ,, ,, ,, | 101–00 |
| ਸ: ਸੰਤੋਖ ਸਿੰਘ ਜੀ ਕਿਊਬਕ ਕੈਨੇਡਾ | ,, ,, ,, | 25–00 |
| ਸ: ਜਾਗੀਰ ਸਿੰਘ ਜੀ ਗਿਲ ਕੁਐਸਨਲ ਕੈਨੇਡਾ | ,, ,, ,, | 27–00 |
| ਸ: ਕੁੰਦਨ ਸਿੰਘ ਜੀ ਰਾਮੂ ਵਾਲ | ,, ,, ,, | 5–00 |
| ਗਿਆਨੀ ਹਰਬੰਸ ਸਿੰਘ ਜੀ ਲਖਨ ਕੇ ਪਡੇ | ,, ,, ,, | 5–00 |
| ਸੂਬੇਦਾਰ ਗੁਰਬੰਤ ਸਿੰਘ ਜੀ 56 A.P.O. | ,, ,, ,, | 7–00 |


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | | |
|---|---|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | HAIR-A DIVINE GIFT 0.40 | Dawn of Divine Wisdom 0-75 | ਜੇਲ੍ਹ ਚਿਠੀਆਂ | ੧੫-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤਪ੍ਰਸਤੀ | ੩-੭੫ | | | ਅੰਮ੍ਰਿਤ ਕੀ ਹੈ? | ੧-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | | | ਗੁਰਮਤਿ ਲੇਖ | ੫-੫੦ |
| ਗੁਰਮਤਿ ਕਰਮ ਫ਼ਿਲਾਸਫ਼ੀ | ੧੩-੫੦ | | | ਗੁਰਮਤਿ ਵਿਚਾਰ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੁ | ੫-੫੦ | | | ਗੁਰਮਤਿ ਪ੍ਰਕਾਸ਼ | ੩-੭੫ |
| ਝਟਕਾ ਮਾਸ ਪ੍ਰਥਾਇ ਨਿਰਣੈ | ੪-੦੦ | | | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਗੁਰਮਤਿ ਰਮਜ਼ਾਂ | ੧-੩੦ | | | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਸਬਦੁ ਗੁਰ ਪੀਰਾ | ੦-੪੦ | | | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | | | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | | | ਜੀਵਨ ਚਰਿਤ ਭਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | | | ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |



ਲਾਕਟ ਪ੍ਰਿੰਟਰਜ਼. ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੧ ੮੨ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ : 51847 ਘਰ : 43094



www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ
ਸਮੁੰਦਰੀ ਡਾਕ ੩੦-੦੦

ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿਘ
ਭਾਈ ਸੇਵਾ ਸਿੰਘ



## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੬ ਜਨਵਰੀ ੧੯੮੨ ਅੰਕ ੧


## ਸਮਰਪਣ ਤੇ ਆਪਾ ਅਰਪਣ

[ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰੂ ਦਾ ਸਭ ਕੁਝ ਸਮਝਦੇ ਹੋਏ, ਗੁਰੂ ਕੇ ਲੇਖੇ ਸਰਬੰਸ ਲਾਉਂਦਿਆਂ ਗੁਰਸਿਖ ਬਫਾਉਂਦੇ ਨਹੀਂ। ਨਿਰਮਾਣ ਸੇਵਾ ਸਮਝ ਕੇ ਸਭ ਕੁਝ ਗੁਰੂ ਦੇ ਨਮਿਤ ਅਰਪਣ ਕਰੀ ਜਾਂਦੇ ਹਨ। ਅਤੇ ਇਸ ਅਰਪਣ ਕਰਨ ਦੀ ਸੇਵਾ-ਘਾਲਣਾ ਵਿਚ ਭੀ ਓਹਨਾਂ ਨੂੰ ਅੰਤਰੀਵੀ ਰਸ ਹੁੰਦਾ ਹੈ। ਜਿਉਂ ਜਿਉਂ ਇਹ ਸੇਵਾ ਸਮਰਪਣ ਦਾ ਵਾਧਾ ਵਧਦਾ ਜਾਂਦਾ ਹੈ, ਤਿਉਂ ਤਿਉਂ ਓਹ ਹੋਰ ਤੋਂ ਹੋਰ ਆਤਮ-ਰਸ ਵਿਚ ਲਿਵ ਮਗਨ ਅਤੇ ਮਸਤ ਅਲਮਸਤ ਹੁੰਦੇ ਜਾਂਦੇ ਹਨ। ਅਤੇ ਇਸ ਬਿਧਿ ਇਹ ਦਾਨ ਭੀ ਇਸ਼ਨਾਨ ਦੀ ਨਿਆਈਂ ਨਾਮ ਸਿਫਤਿ-ਸਲਾਹ ਦੀ ਚੜ੍ਹਦੀ ਕਲਾ ਵਿਚ ਸਹਾਈ ਹੁੰਦਾ ਹੈ ਅਤੇ ਏਸੇ ਕਰਕੇ ਹੀ ਇਹ ਨਾਮ ਦੇ ਸੰਗ-ਸਾਥ ਸਾਧਨ ਸੰਪੰਨ ਸੁਕ੍ਰਿਤ ਕਰਮ ਬਿਬੇਕ ਹੈ, ਜਿਸ ਦਾ ਧਾਰਨ ਕਰਨਾ ਹਰ ਇਕ ਸੁਚਿਆਰ ਸਿਖ ਲਈ ਅਤੀ ਜ਼ਰੂਰੀ ਹੈ, ਜੋ ਕਿ ਸਦਾ ਨਾਮ ਮਹਾਂ ਰਸ ਦੀਆਂ ਚੜ੍ਹਦੀਆਂ ਬਿਬੇਕ ਕਲਾਂ ਵਾਲੀਆਂ ਰੰਗ-ਰਲੀਆਂ ਮਾਨਣਾ ਲੋਚਦਾ ਹੈ।

ਪਰਮ ਹੁਕਮ ਨਾਮ ਬਿਬੇਕ ਦੀ ਪਾਲਣਾ ਲਈ ਆਪਾ ਅਰਪਣ ਕਰਨਾ ਪੈਂਦਾ ਹੈ, ਕਿਉਂਕਿ ਆਪਾ ਅਰਪਣ ਕਰਨਾ ਭੀ ਗੁਰੂ ਦਾ ਹੁਕਮ ਹੈ। ਜਿਸ ਦੇ, ਪਰਮ ਹੁਕਮ ਦੇ ਤਾਬਿਆ, ਕਮਾਵਣ ਦੀ ਸਦਾ ਲੋੜ ਹੈ। ਆਪਣੇ ਪਾਸ ਜੋ ਕੁਛ ਭੀ ਹੈ, ਆਪਣੇ ਆਪ ਸਾਰਖਾ ਭੀ ਗੁਰੂ ਨਮਿਤ ਅਰਪਣ ਕਰ ਦੇਣਾ ਗੁਰਮਤਿ ਦਾਨ ਹੈ।

[ਪੁਸਤਕ 'ਗੁਰਮਤਿ ਬਿਬੇਕ' ਵਿਚੋਂ

www.AKJ.Org

# ਸ੍ਰੀ ਦਸਮੇਸ਼-ਪੂਰਨੇ

[ਵਲੋਂ--ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਪ੍ਰਮਾਰਥ ਸੰਬੰਧੀ ਧਾਰਮਕ ਕੁਰਬਾਨੀ ਦੇ ਜੋ ਪੂਰਨੇ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਪਾਏ ਹਨ, ਉਹ ਅੱਜ ਤਾਈਂ ਕਿਸੇ ਧਾਰਮਕ ਆਗੂ ਨੇ ਯਾ ਕਿਸੇ ਰੀਫ਼ਾਰਮਰ ਨੇ ਨਹੀਂ ਪਾਏ, ਨਾ ਪਾਉਣੇ ਹਨ।

(੧) ਪਹਿਲਾ ਪੂਰਨਾ ਸੱਚੀ ਅਤੇ ਸੁੱਚੀ ਨਿਰਭੈਤਾ ਦਾ ਹੈ। ਅੱਠ ਸਾਲ ਦੀ ਛੋਟੀ ਉਮਰ ਵਿਚ ਹੀ ਅਤਿ ਨਿਰਭੈ ਹੋ ਕੇ ਪਿਤਾ ਜੀ ਨੂੰ ਮਜ਼ਲੂਮਾਂ ਨਮਿਤ ਕੁਰਬਾਨੀ ਦੀ ਪ੍ਰੇਰਨਾ ਕਰਨੀ ਸੱਚੀ ਨਿਰਭੈਤਾ ਦੀ ਸਪਿਰਿਟ ਦਾ ਲਖਾਇਕ ਹੈ। ਪਿਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਹੋਨਹਾਰ ਗੁਰੂ ਗੋਬਿੰਦ ਸਿੰਘ ਜੀ ਅੰਦਰ ਨਿਰਭੈਤਾ ਵਾਲੀ ਸੱਚੀ ਸਪਿਰਿਟ ਦੇਖ ਕੇ ਮਜ਼ਲੂਮਾਂ ਨਮਿਤ ਨਿਸ਼ਕਾਮਤਾ ਸਹਿਤ ਕੁਰਬਾਨ ਹੋਣ ਦੀ ਠਾਣੀ ਤਾਂ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਿਰਭੈਤਾ ਵਾਲੀ ਸਪਿਰਿਟ ਦੇਖ ਕੇ ਹੀ ਠਾਣੀ।

ਦੂਜੀ ਨਿਰਭੈਤਾ ਵਾਲੀ ਸਪਿਰਿਟ ਸ੍ਰੀ ਗੁਰੂ ਦਸਮੇਸ਼ ਜੀ ਨੇ ਗੁਰਤਾ ਦੀ ਗੱਦੀ ਸਾਂਭਣ ਸਾਰ ਹੀ ਦਿਖਾਈ। ਸੱਚੀ ਸੂਰਬੀਰਤਾ ਦੀ ਸਪਿਰਿਟ ਨਾ ਸਿਰਫ਼ ਆਪਣੇ ਅੰਦਰ ਹੀ ਭਰ ਕੇ ਦਰਸਾਈ, ਬਲਕਿ ਸਾਰੇ ਪੰਥ ਅੰਦਰ ਭੀ ਇਹੋ ਸਪਿਰਿਟ ਭਰੀ। ਅੰਤਰਿ ਆਤਮੇ ਨਾਮ ਦਾ ਖੰਡਾ ਬਦਸਤੂਰ ਖੜਕਾਉਣਾ ਅਤੇ ਖੜਕਾਉਂਦੇ ਹੋਏ, ਧਰਮਯੁਧ ਹਿਤ ਖੜਗੇਸ਼ੀ ਖੰਡਾ ਖੜਕਾਉਣ ਦੀ ਇਸ ਬਿਧਿ ਪ੍ਰੇਰਨਾ ਕੀਤੀ। ਯਥਾ :-

ਧੰਨ ਜੀਉ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮਹਿ ਜੁਧੁ ਬਿਚਾਰੈ ॥
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜਿਆਰੈ ॥
ਗਿਆਨਹਿ ਕੀ ਬਢਨੀ ਮਨੋ ਹਾਥਿ ਲੈ ਕਾਤੁਰਤਾ ਕੁਤਵਾਰ ਬੁਹਾਰੈ ॥੨੪੯੨॥

ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ

ਹਾਂ ਜੀ ! ਇਸ ਬਿਧਿ ਨਿਰਭੈਤਾ ਵਾਲੇ ਸੱਚੇ ਪ੍ਰਮਾਰਥੀ ਪੂਰਨਿਆਂ ਨੂੰ ਦਰਸਾਇ ਕੇ, ਸਾਰੇ ਪੰਥ ਨੂੰ ਉਭਾਰਿਆ ਵੰਗਾਰਿਆ। ਚਿਤ ਅੰਦਰਿ ਜੁੱਧ ਕਰਨ ਦਾ ਜੋਸ਼ ਚਿਤਾਰ ਕੇ ਭੀ ਮੁਖੋਂ ਨਾਮ ਦਾ ਸੱਚਾ ਖੜਗੇਸ਼ੀ-ਖੰਡਾ ਭੀ ਨਾਲੋ ਨਾਲ ਖੜਕਾਈ ਜਾਣਾ ਲਾਜ਼ਮੀ ਹੈ। ਇਸ ਬਿਧਿ, ਕੇਵਲ ਏਸੇ ਬਿਧਿ ਹੀ ਸਫਲਤਾ ਹੋ ਸਕਦੀ ਹੈ।

"ਦੇਹ ਅਨਿਤ ਨ ਨਿਤ ਰਹੈ" ਦੀ ਸੱਚੀ ਸੂਰਮਤਾਈ ਦੀ ਜੰਗੀ ਸਪਿਰਿਟ, ਆਪਣੇ ਅਤਿ ਛੋਟੀ ਉਮਰ ਵਾਲੇ ਸਾਹਿਬਜ਼ਾਦਿਆਂ ਅੰਦਰ ਐਸੀ ਭਰੀ ਕਿ ਉਹ ਨਿਰਭੈ ਹੋ ਕੇ ਐਸੇ ਜੂਝੇ ਕਿ ਰੰਚਕ ਮਾਤਰ ਭੀ ਆਪਣੀ ਜ਼ਿੰਦਗੀ ਨਾਲ ਪਿਆਰ ਨਹੀਂ ਪਾਇਆ। ਅਮਲੀ ਤੌਰ 'ਤੇ ਇਹ ਮਿਸਾਲ ਕਾਇਮ ਕਰ ਕੇ ਦਿਖਾਈ ਕਿ ਬਪੜੀ ਚਾਰ-ਦਿਹਾੜੇ-ਰਹਿਣ-ਵਾਲੀ-ਦੇਹੀ ਦਾ ਰੰਚਕ ਖਿਆਲ ਨਾ ਰਖਦੇ, ਨਿਸ਼ਕਾਮਤਾ ਸਹਿਤ ਬਲੀਦਾਮ ਹੋਏ। ਜਨਮਨ ਸਾਰ ਹੀ ਸਾਹਿਬਜ਼ਾਦਿਆਂ ਦੇ ਦਿਲ ਦਿਮਾਗ ਅੰਦਰ ਸੱਚੜੇ ਨਾਮ-ਅਭਿਆਸ ਦਾ ਮਾਦਾ ਐਸਾ ਕੁੱਟ ਕੁੱਟ ਕੇ ਭਰਿਆ ਕਿ ਜਿਸ ਦੇ ਤੁਫ਼ੈਲ ਮਰਨ ਦੀ ਚਿੰਤਾ ਤੇ ਜੀਵਨ ਦੀ ਲਾਲਸਾ ਹੀ ਬਿਨਸ ਗਈ। "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ"* ਦੇ ਗੁਰਵਾਕ ਭਾਵ ਵਾਲੇ ਅਮਲੀ ਪੂਰਨੇ ਪਾ ਕੇ ਦਿਖਾਏ। ਸੱਚ ਮੁੱਚ ਇਹ ਅਮਲੀ ਪੂਰਨਿਆਂ ਵਾਲਾ ਸੱਚੜਾ ਰਸ ਹਿਰਦੇ ਅੰਦਰ ਵਸਿਆ ਰਸਿਆ ਹੋਵੇ, ਸੱਚੀ ਨਿਰਭੈਤਾ ਹੀ ਏਸੇ ਰਸ ਅੰਦਰ ਹੈ। ਜੋ ਏਸ ਰਸ ਤੋਂ ਸੂਨ ਹਨ ਉਹ ਨਿਰੀ ਲੌਕਿਕ ਵਡਿਆਈ ਦੇ ਕਾਰਨ ਹੰਕਾਰੇ ਰਹਿੰਦੇ ਹਨ। ਕਿਸੇ ਲੇਖੇ ਵੀ ਨਹੀਂ ਪੈਂਦੇ ਤਿਨ੍ਹਾਂ ਦੇ ਅਮਲ (ਕਰਮ)। ਧਰਮ ਹੇਤ ਉਹ ਸੱਚੀ

*ਸਿਰੀ ਰਾਗੁ ਮ: ੧, (੫॥੧੮) ਪੰਨਾ ੨੦



www.AKJ.Org

ਨਿਰਭੈਤਾ ਨਿਸ਼ਕਾਮਤਾ ਵਾਲੀ ਸਪਿਰਿਟ ਸਹਿਤ ਸੰਪੂਰਤ ਹੋ ਕੇ ਸੱਚੜਾ ਪ੍ਰਮਾਰਥੀ ਜਸ ਭੀ ਖੱਟਦੇ ਹਨ ਅਤੇ ਇਸ ਜੱਸ ਦੀ ਸੱਚੜੀ ਬੇੜੀ ਤੇ ਚੜ੍ਹ ਕੇ ਭਵਸਾਗਰੋਂ ਭੀ ਪਾਰ ਪੈਂਦੇ ਹਨ। ਦੁਨਿਆਵੀ ਜਸ ਆਪੇ ਹੀ ਉਨ੍ਹਾਂ ਦੇ ਮਗਰ ਲਗਿਆ ਫਿਰਦਾ ਹੈ। ਸ੍ਰੀ ਦਸਮੇਸ਼ ਜੀ ਦੀ ਪਰਵੇਸ਼ ਕੀਤੀ ਹੋਈ ਬੁੱਧ-ਸਬੁੱਧੀ ਅੰਦਰਲੀ ਰੱਖੀ ਸਪਿਰਿਟ ਅਨੁਸਾਰ ਉਹ ਆਪਣੇ ਜੀਵਨ ਨੂੰ, ਤਨ ਨੂੰ ਸੱਚੀ ਧੀਰਜਤਾ (ਸਹਿਨਸ਼ੀਲਤਾ) ਦਾ ਧਾਮ ਬਣਾ ਲੈਂਦੇ ਹਨ। ਉਹਨਾਂ ਦੀ ਬੁੱਧੀ ਭੀ ਸੁਬੁੱਧੀ ਹੋ ਜਾਂਦੀ ਹੈ। ਨਾਮ ਨਾਲਿ ਲਟ ਲਟ ਕਰ ਕੇ ਜਗਦੀ ਪ੍ਰਮਾਰਥਕ ਰੌਸ਼ਨੀ ਤਿਨ੍ਹਾਂ ਜਿੰਦੜੀਆਂ ਅੰਦਰ ਸਾਵਧਾਨਤਾ ਸਹਿਤ ਉਜਾਰਤ ਹੁੰਦੀ ਹੈ, ਅਤੇ ਡੋਲਣੋਂ ਬਚਾਉਂਦੀ ਹੈ। ਉਹਨਾਂ ਦੇ ਅੰਦਰ ਸੱਚੜਾ ਗੁਰਮਤਿ ਗਿਆਨ ਪ੍ਰਕਾਸ਼ਤ ਹੁੰਦਾ ਹੈ। ਉਹ ਆਪਣੇ ਹੀ ਨਹੀਂ, ਸਗੋਂ ਸੰਸਾਰ ਭਰ ਦੇ ਦੁੱਖਾਂ ਨੂੰ ਕੱਟਣ ਦੇ ਸਮਰੱਥ ਹੋ ਜਾਂਦੇ ਹਨ। ਇਕ ਵੰਨਗੀ ਮਾਤਰ ਉਦਾਹਰਨ ਹੈ ਕਿ ਸ੍ਰੀ ਦਸਮੇਸ਼ ਜੀ ਨੇ ਨਿਰਭੈਤਾ ਵਾਲੀ ਸਪਿਰਿਟ ਪਰਵੇਸ਼ ਕਰ ਕੇ ਦਿਖਾਈ ਕਿ ਜਿਸ ਕਾਰਨ ਕਰਕੇ ਇਹ ਗੁਰਵਾਕ ਉਨ੍ਹਾਂ ਪਰਥਾਇ ਪੂਰਾ ਪੂਰਾ ਘਟਦਾ ਹੈ :-

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

ਜਪੁਜੀ, ਸਲੋਕ, ਪੰਨਾ ੮

ਇਹ ਇੱਕ ਨਮੂਨੇ ਮਾਤਰ ਹੀ ਸ੍ਰੀ ਦਸਮੇਸ਼ ਜੀ ਦੀ ਪੂਰਨ ਨਿਰਭੈਤਾ ਵਾਲੀ ਸਪਿਰਿਟ ਦੀ ਅਜ਼ਮਤ ਨਿਰੂਪਣ ਹੈ। ਹੋਰ ਅਨੇਕ ਉਦਾਹਰਨਾਂ ਹਨ ਜਿਨ੍ਹਾਂ ਦੇ ਕਾਰਨ ਸ੍ਰੀ ਦਸਮੇਸ਼ ਜੀ ਦਾ ਪੂਰਨ ਜੀਵਨ ਹੀ ਏਸ ਪੂਰਨੇ ਨਾਲ ਭਰਿਆ ਪਿਆ ਹੈ। ਲੇਖ ਦੇ ਵਿਸਥਾਰ ਹੋਣ ਦੇ ਤੌਖਲੇ ਨਾਲ ਏਥੇ ਹੀ ਸਮਾਪਤ ਕੀਤਾ ਜਾਂਦਾ ਹੈ।

(੨) ਦੂਜਾ ਪੂਰਨਾ ਨਿਮਰਤਾ ਦਾ ਹੈ। ਸ੍ਰੀ ਦਸਮੇਸ਼ ਜੀ ਪਾਤਸ਼ਾਹ, ਗੁਰੂ ਪਾਤਸ਼ਾਹ ਦਰਵੇਸ਼ ਜੀ ਸਦਵਾਉਂਦੇ ਸਨ। ਜਿਸ ਤੋਂ ਸਿੱਧ ਹੈ ਕਿ ਏਹਨਾਂ ਅੰਦਰਿ ਇਸ ਨਿਮਰਤਾ ਵਾਲੇ ਪੂਰਨਿਆਂ ਵਾਲੀ ਸਪਿਰਿਟ ਨੱਕਾ-ਨੱਕ ਭਰੀ ਹੋਈ ਸੀ, ਜੈਸੇ ਕਿ ਪਹਿਲੇ ਦਰਸਾਇਆ ਗਿਆ ਹੈ।

(੩) ਤੀਜਾ ਪੂਰਨਾ ਜੋ ਸ੍ਰੀ ਦਸਮੇਸ਼ ਜੀ ਨੇ ਪਾਇਆ ਉਹ ਅਮਲੀ ਸਮਦਰਸਤਾ ਵਾਲਾ ਹੈ। ਜ਼ਾਲਮਾਂ ਤੇ ਮਜ਼ਲੂਮਾਂ ਨੂੰ ਇੱਕੋ ਸਮ-ਦ੍ਰਿਸ਼ਟਿ ਨਾਲਿ ਸ੍ਰੀ ਦਸਮੇਸ਼ ਪਿਤਾ ਜੀ ਨੇ ਜਾਂਚਿਆ। ਨਿਰਵੈਰਤਾ ਭੀ ਏਸੇ ਪੂਰਨੇ ਅੰਦਰਿ ਸਫਲੀ ਜਾਣਾਈ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਦਸਮੇਸ਼ ਜੀ ਨੇ ਕਿਸੇ ਜ਼ਾਤੀ ਨਾਲ ਵੈਰ ਨਹੀਂ ਕੀਤਾ।

ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਦੀ ਦ੍ਰਿਸ਼ਟੀ ਅੰਦਰਿ ਜੈਸੇ ਮੁਸਲਮਾਨ ਸੀ ਵੈਸੇ ਹੀ ਹਿੰਦੂ। ਜ਼ਾਲਮ ਅਤੇ ਪ੍ਰਮਾਰਥੋਂ ਗੁਮਰਾਹ ਹੋਏ ਹੋਏ ਪਹਾੜੀਆਂ ਨਾਲਿ ਗੁਰੂ ਸਾਹਿਬ ਦਾ ਕੋਈ ਵੈਰ ਨਹੀਂ ਸੀ। ਜਦੋਂ ਪਹਾੜੀ ਰਾਜੇ ਪ੍ਰਮਾਰਥੋਂ ਗੁਮਰਾਹ ਹੋਏ ਤਾਂ ਸ੍ਰੀ ਦਸਮੇਸ਼ ਜੀ ਦੀ ਨਿਰਵੈਰ ਸਮ-ਦ੍ਰਿਸ਼ਟੀ ਅੰਦਰਿ ਉਹਨਾਂ ਹੀ ਪਹਾੜੀਆਂ ਦੀ ਸੋਧਨਾ ਇਸ ਪਰਕਾਰ ਪ੍ਰਗਟ ਹੋਈ। ਯਥਾ :-

ਮਨਮ ਕੁਸ਼ਤਾ-ਅਮ ਕੋਹ'ਆਂ ਬੁੱਤਪ੍ਰਸਤ ॥* ਕਿ ਆਂ ਬੁੱਤ-ਪ੍ਰਸਤੰਦੋ, ਮਨ ਬੁੱਤ-ਸ਼ਿਕਸਤ ॥

ਜਿਥੇ ਪ੍ਰਮਾਰਥ ਦੇ ਸੱਚੇ ਮਾਰਗ ਤੋਂ ਘੁੱਥਿਆਂ ਹਿੰਦੂਆਂ ਪਹਾੜੀਆਂ ਨਾਲ ਭੀ ਇਹ ਨਿਰਵੈਰ ਸਮਦ੍ਰਿਸ਼ਟੀ ਦਿਖਾਈ ਓਥੇ ਤਿਨ੍ਹਾਂ ਨਾਲ ਨਿਰਵੈਰ ਸਮਦਰਸਤਾ ਭੀ ਵਰਤੀ। ਜਦੋਂ ਪਹਾੜੀਆਂ ਦੀ ਪਾਪਾਂ-ਗ੍ਰਸੀ ਬਿਰਤੀ ਉੱਕੀ ਹੀ ਪ੍ਰਮਾਰਥ ਤੋਂ ਸੁਨ ਹੋ ਗਈ, ਸਗੋਂ ਉਲਟੇ ਸਾਰੇ ਪਹਾੜੀ ਰਾਜੇ ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਤੁਰਕਾਂ ਨਾਲ ਜਾ ਰਲੇ ਤਾਂ ਗੁਰੂ ਸਾਹਿਬ ਨੇ ਇਹ ਸਾਂਝਾ ਫ਼ਤਵਾ ਦਿੱਤਾ ਕਿ ਏਹਨਾਂ ਪਹਾੜੀਆਂ ਤੇ ਤੁਰਕਾਂ ਦਾ ਖਾਲਸਾ ਜੀ ਨੇ ਕਦੇ ਵਿਸਾਹ ਨਹੀਂ ਕਰਨਾ। ਵਾਸਤਵ ਵਿੱਚ ਗੁਰੂ ਸਾਹਿਬ ਸਭ ਦੀ ਭਲਾਈ ਲੋਚਦੇ ਸਨ। ਜਦੋਂ ਹਰ ਪ੍ਰਕਾਰ ਦੇ ਹੀਲੇ ਕੀਤਿਆਂ ਭੀ ਦੋਹਾਂ ਧਿਰਾਂ ਦੀ ਭਲਾਈ ਰਹਿ ਖੜੋਤੀ, ਤਦ ਗੁਰੂ ਸੱਚੇ ਪਾਤਸ਼ਾਹ ਨੇ ਏਹਨਾਂ ਦੋਹਾਂ ਦੀ ਸੁਧਾਈ ਹਿਤ ਕਮਰਕੱਸੇ ਕਰ ਲਏ। ਗੁਰੂ ਸਾਹਿਬ ਦੀ ਏਸ ਗੱਲੋਂ ਪੂਰੀ

*ਮੈਂ ਬੁੱਤ-ਪੂਜ ਪਹਾੜੀਆਂ ਦਾ ਨਾਸ਼ ਕਰਨ ਵਾਲਾ ਹਾਂ, ਕਿਉਂਕਿ ਉਹ ਬੁੱਤ ਪ੍ਰਸਤ ਹਨ ਤੇ ਮੈਂ ਬੁੱਤ ਤੋੜਨ ਵਾਲਾ।



www.AKJ.Org

ਨਿਰਵੈਰਤਾ ਸੁਪੰਨ ਸਮਦਰਸਤਾ ਹੈ ਕਿ ਉਹਨਾਂ ਨੇ ਨਾ ਹੀ ਹਿੰਦੂਆਂ ਦਾ ਪਖਸ਼ ਪੂਰਿਆ, ਨਾ ਹੀ ਤੁਰਕਾਂ ਨਾਲ ਵੈਰ-ਭਾਵਨਾ ਕਮਾਈ, ਬਲਕਿ ਸੱਚੀ ਧਰਮੱਗ ਸਪਿਰਿਟ ਤੋਂ ਖ਼ਾਲੀ ਹੋਏ ਹੋਏ ਹਿੰਦੂਆਂ ਤੇ ਤੁਰਕਾਂ ਨੂੰ ਇਕ-ਸਾਰ ਹੀ ਸੋਧਿਆ। ਦੋਈ ਪ੍ਰਮਾਰਥ ਦੇ ਵੈਰੀ ਸਨ ਅਤੇ ਦੋਨੋਂ ਹੀ ਧਰਮ-ਉਪਕਾਰਤਾ ਵਾਲੀ ਸੱਚਾਈ ਤੋਂ ਦੁਰੇਡੇ ਹੋ ਗਏ ਸਨ। ਇਸ ਕਰਕੇ ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਦੋਹਾਂ ਨੂੰ ਹੀ ਸਿੱਧੇ ਰਸਤੇ ਪਾਉਣ ਵਾਲੀ ਸੱਚੀ ਸਮਦ੍ਰਿਸ਼ਟੀ ਵਰਤੀ। ਹਿੰਦੂ ਮੁਸਲਮਾਨ ਵਾਲੀ ਕਾਣ-ਕਨੌਡ ਕਿਸੇ ਦੀ ਨਹੀਂ ਰੱਖੀ।

ਆਮ ਨੇਤਾਵਾਂ ਦਾ ਇਹ ਖ਼ਿਆਲ ਉੱਕਾ ਹੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਦਸਮੇਸ਼ ਜੀ ਕੇਵਲ ਤੁਰਕਾਂ ਦੇ ਹੀ ਵੈਰੀ ਸਨ। ਹਰਗਿਜ਼ ਨਹੀਂ, ਗੁਰੂ ਸਾਹਿਬ ਤਾਂ ਪਾਪ ਅਤੇ ਜ਼ੁਲਮ ਦੇ ਵਿਰੋਧੀ ਸਨ। ਜ਼ਾਤ ਪਾਤ ਕਰਕੇ ਕਿਸੇ ਨਾਲ ਵੈਰ-ਵਿਰੋਧ ਨਹੀਂ ਕਮਾਇਆ। ਸਭਨਾਂ ਨੂੰ ਹੀ ਸਿੱਧੇ ਰਸਤੇ ਲਿਆਵਣ ਦੇ ਅਭਿਲਾਖੀ ਸਨ। ਸਭਨਾਂ ਕਪੁੱਠੇ ਮਾਰਗ ਪਏ ਹੋਇਆਂ ਬੰਦਿਆਂ ਦੇ ਸੋਧਕ ਸਨ। ਸੋਈ ਸਮਤੀ ਗੁਰੂ ਦਸਮੇਸ਼ ਜੀ ਨੇ ਆਪਣੇ ਸਾਜੇ ਨਿਵਾਜੇ ਖ਼ਾਲਸਾ ਜੀ ਨੂੰ ਨਦਰੀ ਨਦਰ ਨਿਹਾਲ ਹੋ ਕੇ ਬਖਸ਼ੀ ਕਿ ਕਿਸੇ ਇਕ ਜ਼ਾਤ ਕੌਮ ਦਾ ਘਾਤ ਨਹੀਂ ਕਰਨਾ, ਪਰੰਤੂ ਪਾਪਿਸ਼ਟ ਕਰਮੀ ਭਾਵੇਂ ਕੋਈ ਜ਼ਾਤੀ ਅਤੇ ਕੋਈ ਫ਼ਿਰਕਾ ਹੋਵੇ, ਦੋਹਾਂ ਨੂੰ ਸੁਮੱਤੇ ਲਾਉਣਾ ਹੈ। ਜੇ ਪਹਾੜੀ ਰਾਜਿਆਂ ਵਤ ਅੱਜ ਕਲ੍ਹ ਦੇ ਹਿੰਦੂ-ਡੰਮੀਏ ਭੀ ਸੱਚੇ ਪ੍ਰਮਾਰਥ ਅਤੇ ਸੱਚੇ ਧਰਮ ਮਾਰਗ ਤੋਂ ਬੇਮੁਖ ਹੋ ਜਾਣ ਤਾਂ ਇਨ੍ਹਾਂ ਨੂੰ ਗਏ-ਗੁਜ਼ਰੇ ਹਿੰਦੂ ਪਹਾੜੀਆਂ ਸਮਾਨ ਹੀ ਸਮਝਣਾ ਹੈ। ਉਹਨਾਂ ਦੀ ਨਿਰੇ ਹਿੰਦੂ ਹੋਣ ਕਰਕੇ ਕੋਈ ਰੱਛਿਆ ਰਿਆਇਤ ਨਹੀਂ ਕਰਨੀ। ਗੁਰੂ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਸੱਚਾ ਸਬਕ ਅਮਲੀ ਤੌਰ ਤੇ ਖ਼ਾਲਸਾ ਪੰਥ ਨੂੰ ਸਿਖਾਇਆ। ਜਿਸ ਪਰਕਾਰ ਸ੍ਰੀ ਦਸਮੇਸ਼ ਜੀ ਨੇ ਹਿੰਦੂ ਤੁਰਕ ਵਾਲੀ ਕਾਣ-ਕਨੌਡ ਮਿਟਾ ਦੇਣ ਦੇ ਸੱਚੇ ਪੂਰਨੇ ਪਾ ਕੇ ਦਿਖਾਏ, ਓਹਨਾਂ ਹੀ ਪੂਰਨਿਆਂ ਉਤੇ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਖ਼ਾਲਸਾ ਪੰਥ ਤਤਪਰ ਹੈ, ਤੇ ਸਦਾ ਤਤਪਰ ਰਹੇਗਾ। ਜਦੋਂ ਦਸਮੇਸ਼ ਜੀ ਨੇ ਪੇਖ ਪਰਖ ਕੇ ਦੋਹਾਂ ਹੀ ਮੱਤਾਂ ਦੀ ਕਪਟ-ਕੁਕਰਮਤਾ ਭਲੀ ਬਿਧਿ ਜਾਂਚ ਲਈ ਤਦੋਂ ਹੀ ਦੋਹਾਂ ਨੂੰ ਸੋਧਣ ਲਈ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਯਥਾ ਸ੍ਰੀ ਦਸਮੇਸ਼ ਵਾਕ :–

ਦੁਹੂੰ ਪੰਥ ਮੈ ਕਪਟ ਵਿਦਯਾ ਚਲਾਨੀ ॥ ਬਹੁਰ ਤੀਸਰੋ ਪੰਥ ਕੀਨੋ ਪਰਧਾਨੀ ॥
ਦਸਮ ਗ੍ਰੰਥ, ਉਗ੍ਰਦੰਤੀ, ਛਕਾ ੫, ਤੁਕ ੧੩

ਸ੍ਰੀ ਦਸਮੇਸ਼ ਜੀ ਨੇ ਖ਼ਾਲਸਾ ਜੀ ਨੂੰ ਸਭ ਤੋਂ ਨਿਆਰਾ ਰਖਿਆ ਅਤੇ ਹੁਕਮ ਬਖਸ਼ਿਆ :—

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥ ਸਰਬ ਲੋਹ ਗ੍ਰੰਥ

ਇਸ ਬਿਧਿ ਸ੍ਰੀ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਪੂਰਨਾ ਪਾ ਕੇ ਦਿਖਾਇਆ।

(੪) ਚੌਥਾ ਪੂਰਨਾ :—ਸਭ ਤੋਂ ਸ੍ਰੇਸ਼ਟ ਪੂਰਨਾ ਸ੍ਰੀ ਦਸਮੇਸ਼ ਜੀ ਨੇ ਗੁਰਮਤਿ ਸੱਚਾਈ ਦਾ ਕੌਲ-ਔ-ਫ਼ੇਅਲ (ਕਹਿਣੀ ਅਤੇ ਕਰਨੀ) ਦਾ ਪਾਇਆ, ਜੋ ਅੱਜ ਤਾਈਂ ਕਿਸੇ ਧਾਰਮਕ ਆਗੂ ਅਤੇ ਰੀਫ਼ਾਰਮਰ ਨੇ ਨਹੀਂ ਪਾਇਆ। ਸ੍ਰੀ ਗੁਰੂ ਦਸਮੇਸ਼ ਜੀ ਨੇ ਨਿਧੜਕ ਹੋ ਕੇ ਗੁਰਮਤਿ ਤਤ ਸੱਤ ਦਾ ਨਿਰਣਾ ਪੂਰਨ ਸੱਚਾਈ ਦੇ ਪੂਰਨੇ ਅਨੁਸਾਰ ਪਾ ਕੇ ਦਿਖਾਇਆ। ਸਪੱਸ਼ਟ ਤੌਰ ਤੇ ਪਹਿਲਾਂ ਇਹ ਸੱਚਾਈ ਦਰਸਾਈ :—

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥ ਤ੍ਵਪ੍ਰਸਾਦਿ ਸਵਯੇ

ਏਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ ਗੁਰੂ ਦਸਮੇਸ਼ ਜੀ ਦਾ ਆਦਰਸ਼ ਨਾਮ-ਭਿੰਨੜਾ ਪ੍ਰੇਮ ਹੈ। ਯਥਾ ਗੁਰਵਾਕ :–

ਪ੍ਰੇਮ ਪਦਾਰਥੁ ਨਾਮੁ ਹੈ ਭਾਈ ॥੫॥ (੯॥੧) ਸੋਰਠਿ ਮ: ੫ ਅਸ਼ਟ:, ਪੰਨਾ ੬੪੦

ਗੁਰੂ ਦਸਮੇਸ਼ ਜੀ ਨੇ ਪ੍ਰੇਮ ਦੀ ਏਸ ਸੱਚਾਈ ਨੂੰ ਸਭ ਤੋਂ ਸ੍ਰੇਸ਼ਟ ਪੂਰਨਾ ਪਾ ਕੇ ਸਿੱਧ ਕੀਤਾ ਕਿ



www.AKJ.Org

ਗੁਰਮਤਿ ਅੰਦਰਿ ਨਾਮ-ਭਿੰਨੜੇ-ਪ੍ਰੇਮ ਤੋਂ ਬਿਨਾਂ ਸ਼ੁਸ਼ਕ ਪ੍ਰੇਮ ਕੋਈ ਅਰਥ ਹੀ ਨਹੀਂ ਰਖਦਾ। ਇਸ ਪ੍ਰੇਮ-ਮਈ-ਸੱਚਾਈ ਨੂੰ ਸ੍ਰੀ ਦਸਮੇਸ਼ ਜੀ ਨੇ ਸਪੱਸ਼ਟ ਤੌਰ ਤੇ ਦਰਸਾਇਆ ਅਤੇ ਦਰਸਾ ਕੇ ਸਿੱਧ ਕੀਤਾ ਕਿ ਵਾਹਿਗੁਰੂ ਨੂੰ ਪਾਉਣ ਦਾ ਇਕੋ ਇਕ ਵਸੀਲਾ ਨਾਮ-ਭਿੰਨੜਾ-ਪ੍ਰੇਮ ਹੀ ਹੈ। ਇਸ ਪੂਰਨੇ ਨੂੰ ਸਪੱਸ਼ਟ ਤੌਰ ਤੇ ਦਰਸਾ ਕੇ ਸਿੱਧ ਕਰਨ ਲਈ ਸ੍ਰੀ ਦਸਮੇਸ਼ ਜੀ ਨੇ ਇਹ ਗੱਲ ਭਲੀ ਪਰਕਾਰ ਨਿਰੂਪਣ ਕਰ ਦਿੱਤੀ ਕਿ ਹੋਰਨਾਂ ਮਤ-ਮਤਾਂਤ੍ਰਾਂ ਅੰਦਰਿ ਜੋ ਪੂਰਨੇ ਵਾਹਿਗੁਰੂ ਨੂੰ ਪਾਉਣ ਦੇ ਇਸ ਪ੍ਰੇਮ ਤੋਂ ਸੱਖਣੇ ਹਨ, ਸਭ ਨਿਸਫਲ ਹਨ। ਜੈਸਾ ਕਿ ਸ੍ਰੀ ਮੁਖਵਾਕ ਦੁਆਰਾ ਇਸ ਬਿਧਿ ਨਿਰਨਾ ਹੈ :–

ਪ੍ਰੀਤਿ ਕਰੇ ਪ੍ਰਭੁ ਪਾਈਅਤ ਹੈ ਕ੍ਰਿਪਾਲ ਨ ਭੀਜਤ ਲਾਂਡ ਕਟਾਏ ॥੧੦੦॥

ਬਚਿਤ੍ਰ ਨਾਟਕ, ਅਧਿਆਇ ੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬਾਣੀ ਅਨੁਸਾਰ ਏਥੇ ਇਸ ਮਹਾਂਵਾਕ ਦੁਆਰਾ ਆਨ-ਮੱਤੀਆਂ, ਖ਼ਾਸ ਕਰ ਤੁਰਕਾਂ ਦੀ ਸ਼ੁਸ਼ਕ ਸੁੰਨਤ ਕ੍ਰਿਆ ਵਲ ਸਪੱਸ਼ਟ ਇਸ਼ਾਰਾ ਹੈ ਅਤੇ ਏਸ ਇਸ਼ਾਰੇ ਨੂੰ ਸਪੱਸ਼ਟਤਾਈ ਸਹਿਤ ਦਰਸਾਉਣ ਦਾ ਸੱਚਾ ਪੂਰਨਾ ਸ੍ਰੀ ਦਸਮੇਸ਼ ਜੀ ਨੇ ਪਾਇਆ ਹੈ :–

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ ॥...॥੩॥ (੪॥੮)

ਆਸਾ ਕਬੀਰ ਜੀ, ਪੰਨਾ ੪੭੭

ਵਾਲੇ ਗੁਰਵਾਕ ਦਾ ਇੰਨ ਬਿੰਨ ਅਨੁਵਾਦ ਕਰ ਵਿਖਾਇਆ ਹੈ। ਪ੍ਰੰਤੂ ਬਿਨਾਂ ਕਿਸੇ ਰੋ-ਰਿਆਇਤ ਅਤੇ ਝਕ-ਝੇਪ ਦੇ ਤੱਤ-ਸੱਚਾਈ ਦਾ ਪੂਰਨਾ ਪਾ ਕੇ ਸਪੱਸ਼ਟ ਕੀਤਾ ਹੈ ਕਿ ਸੱਚੇ ਗੁਰਮਤਿ ਪ੍ਰਮਾਰਥੀ ਪ੍ਰੇਮ-ਬਿਹੂਨ ਹੋਰ ਸਭ ਕ੍ਰਿਆ, ਆਨਮਤੀਆਂ ਦੀ ਸੁੰਨਤ ਆਦਿ ਸਭ ਬਿਰਥੀ ਹੈ। ਏਸ ਦੁਆਰਾ ਪਰਮਾਤਮਾ ਪਾਇਆ ਹੀ ਨਹੀਂ ਜਾ ਸਕਦਾ। ਪਾਇਆ ਜਾ ਸਕਦਾ ਹੈ ਤਾਂ ਕੇਵਲ ਗੁਰਮਤਿ ਨਾਮ-ਭਿੰਨੜੇ-ਪ੍ਰੇਮ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਹ ਸੱਚਾਈ ਚਾਹੇ ਕਿਸੇ ਅਨਮਤੀ ਪੁਰਸ਼ ਨੂੰ ਕੌੜੀ ਹੀ ਲੱਗੇ, ਪ੍ਰੰਤੂ ਸ੍ਰੀ ਦਸਮੇਸ਼ ਜੀ ਨੇ ਇਸ ਸਾਰ-ਸੱਚਾਈ ਵਾਲੇ ਪੂਰਨੇ ਨੂੰ ਸਪੱਸ਼ਟ ਤੌਰ ਤੇ ਪਾ ਹੀ ਦਿੱਤਾ। ਬਚਿੱਤ੍ਰ ਨਾਟਕ ਅੰਦਰਿ ਜਿਸ ਸਾਰ-ਸੱਚਾਈ ਨੂੰ ਨਿਰੂਪਣ ਕਰ ਕੇ ਸ੍ਰੀ ਦਸਮੇਸ਼ ਜੀ ਨੇ ਇਸ ਨੂੰ ਖ਼ਾਸ ਦਰਸਾਉਣ ਦਾ ਪੂਰਨਾ ਪਾਇਆ ਹੈ, ਉਹ ਕਿਸੇ ਤੋਂ ਵੀ ਨਹੀਂ ਪੈਂਦਾ। ਇਹ ਸ੍ਰੀ ਦਸਮੇਸ਼ ਜੀ ਨੂੰ ਸਮਰੱਥਾ ਹੈ ਕਿ ਇਸ ਗੁਰਮਤਿ ਤੱਤ-ਸੱਚਾਈ ਨੂੰ ਹੀ ਸਪੱਸ਼ਟ ਤੌਰ ਤੇ ਦਰਸਾ ਕੇ ਸਿੱਧ ਕੀਤਾ ਜਾਏ ਕਿ ਨਾਮ-ਭਿੰਨੜੇ-ਪ੍ਰੇਮ ਬਿਨਾਂ ਸਾਰੇ ਕਰਮ ਧਰਮ ਨਿਸਫਲ ਹਨ। ਇਸ ਸੱਚਾਈ ਨੂੰ ਮੁਖ ਰਖ ਕੇ ਸ੍ਰੀ ਦਸਮੇਸ਼ ਜੀ ਨੇ ਸਮੱਗਰ ਆਨਮੱਤ ਨੇਤਾਵਾਂ ਦਾ ਪੋਲ ਖੋਲ੍ਹ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਨਾਮ-ਭਿੰਨੜਾ-ਪ੍ਰੇਮ ਸਿਵਾਏ ਗੁਰਮਤਿ ਦੇ ਕਿਸੇ ਵੀ ਅਨ-ਮੱਤ ਅੰਦਰਿ ਅਤੇ ਅਨ-ਮੱਤ ਨੇਤਾ ਦੇ ਕਿਸੇ ਵੀ ਮਿਸ਼ਨ ਅੰਦਰ ਨਹੀਂ ਪਾਇਆ ਜਾਂਦਾ। ਇਹ ਵਡਿਆਈ, ਇਸ ਤੱਤ ਸੱਤ ਸੱਚਿਆਈ ਨੂੰ ਇੰਨ ਬਿੰਨ ਪ੍ਰਗਟਾਉਣ ਲਈ, ਅਕਾਲ ਪੁਰਖ ਨੇ ਕੇਵਲ ਸ੍ਰੀ ਦਸਮੇਸ਼ ਜੀ ਨੂੰ ਬਖਸ਼ੀ।

ਇਤਨੇ ਪੂਰਨਿਆਂ ਦਾ ਮਾਲਕ ਹੁੰਦਾ ਹੋਇਆ ਭੀ ਸਾਡਾ ਸ੍ਰੀ ਦਸਮੇਸ਼ ਪਿਤਾ ਸ੍ਵਾਸ-ਸ੍ਵਾਸ ਨਾਮ ਅਭਿ-ਆਸ ਦੇ ਰੰਗਾਂ ਵਿਚ ਜੁੱਧਾਂ-ਜੰਗਾਂ ਵਿਚ ਅਹਿਨਿਸ ਰੱਤੜਾ ਹੀ ਰਹਿੰਦਾ ਹੈ। ਹੋਰ ਸਭ ਪੂਰਨੇ ਏਸ ਸੱਚਾਈ ਦੇ ਪੂਰਨੇ ਦੀ ਰੌਸ਼ਨੀ ਵਿਚ, ਸਮੱਗਰ ਤੌਰ ਤੇ ਆਏ ਸਪੱਸ਼ਟਾਏ ਗਿਣੇ ਜਾਂਦੇ ਹਨ।

---

**ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ ॥ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥**
**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**
**ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥੪੩॥**

www.AKJ.Org

# ਸੱਚਾ ਸਤਿਗੁਰੂ—ਸੱਚੀ ਗੁਰਬਾਣੀ

[ਵਲੋਂ :— ਸ: ਕੁੰਭੇਰ ਸਿੰਘ ਜੀ, ਬਸਤੀ ਟੈਂਕਾਂ, ਫਿਰੋਜ਼ਪੁਰ]

**[ਇਸ ਲੇਖ ਦੀ ਦੂਜੀ ਕਿਸ਼ਤ ਉਪਰ ਸੰਪਾਦਕੀ ਨੋਟ ਦਿਤੇ ਜਾਣ ਪਿਛੋਂ ਡਾ: ਗੁਰਬਖਸ਼ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨ ਬਖਸ਼ੇ। ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਇਸ ਸੰਬੰਧ ਵਿਚ ਵਾਦ-ਵਿਵਾਦ ਵਿਚ ਪੈਣਾ ਜਾਂ ਕਿਸੇ ਨੂੰ ਉਚਾ ਨੀਵਾਂ ਵਿਖਾਣਾ ਸਾਡਾ ਮੰਤਵ ਨਹੀਂ, ਸਗੋਂ ਕੇਵਲ ਸੱਚ ਨੂੰ ਨਿਤਾਰ ਕੇ ਸੰਗਤਾਂ ਦੇ ਪੇਸ਼ ਕਰਨਾ ਹੈ। ਡਾ: ਗੁਰਬਖ਼ਸ਼ ਸਿੰਘ ਜੀ ਨੇ ਵਿਚਾਰ ਪਰਗਟ ਕੀਤੀ ਕਿ ਵਿਦਵਾਨਾਂ ਵਿਚ ਇਸ ਵਿਸ਼ੇ ਤੇ ਵਿਚਾਰ-ਵਟਾਂਦਰਾ ਕੀਤਾ ਜਾਣਾ ਜ਼ਰੂਰੀ ਹੈ ਅਤੇ ਉਨ੍ਹਾਂ ਦੀ ਵਿਚਾਰ ਮਗਰੋਂ ਜੋ ਸਾਰ-ਸਿੱਟਾ ਨਿਕਲੇ, ਉਹ ਸਾਂਝੇ ਤੌਰ ਤੇ ਸੰਗਤਾਂ ਦੇ ਪੇਸ਼ ਕੀਤਾ ਜਾਏ। ਇਸ ਲੇਖ ਦੀ ਤੀਜੀ ਕਿਸ਼ਤ ਜਿਹੜੀ ਸ: ਕੁੰਭੇਰ ਸਿੰਘ ਜੀ ਤਿਆਰ ਕਰ ਰਹੇ ਹਨ, ਆਸ ਹੈ ਉਹ ਤੀਜੀ ਕਿਸ਼ਤ ਇਸ ਸਾਂਝੀ ਵਿਚਾਰ ਤੋਂ ਬਾਅਦ ਦੇਣ ਦੀ ਸ਼ਾਇਦ ਲੋੜ ਹੀ ਨਾ ਪਏ। —ਸੰਪਾਦਕ]**

## ਸੰਪਾਦਕੀ ਨੋਟ—

ਡਾ: ਗੁਰਬਖਸ਼ ਸਿੰਘ ਜੀ ਦੇ ਲੇਖ "ਗੁਰਬਾਣੀ ਵਿਚ ਆਏ ਬ੍ਰਾਹਮਣੀ ਸਿਧਾਂਤ" ਦੇ ਸੰਬੰਧ ਵਿਚ ਭਾਈ ਕੁੰਭੇਰ ਸਿੰਘ ਜੀ ਦੇ ਲੇਖ ਦੀ ਦੂਜੀ ਕਿਸ਼ਤ ਪੇਸ਼ ਹੈ।

ਜਿਹਾ ਕਿ ਪਹਿਲਾਂ ਵੀ ਲਿਖਿਆ ਗਿਆ ਹੈ, ਡਾ: ਗੁਰਬਖਸ਼ ਸਿੰਘ ਜੀ ਗੁਰਬਾਣੀ ਦੇ ਸ਼ਰਧਾਲੂ ਵਿਦਵਾਨ ਹਨ ਅਤੇ ਗੁਰਬਾਣੀ ਦੇ ਪ੍ਰਚਾਰ ਦੀ ਚੰਗੀ ਲਗਨ ਰਖਦੇ ਹਨ।

ਪਹਿਲਾ ਲੇਖ ਛਪਣ ਮਗਰੋਂ ਡਾਕਟਰ ਸਾਹਿਬ ਦੀ ਚਿਠੀ ਆਈ ਕਿ ਉਹ ਇਸ ਮਸਲੇ ਸੰਬੰਧੀ ਵਿਚਾਰ-ਵਟਾਂਦਰੇ ਦੇ ਚਾਹਵਾਨ ਹਨ। ਸੋ ਭਾਈ ਜੁਗਿੰਦਰ ਸਿੰਘ ਜੀ ਤਲਵਾੜਾ ਨੇ ਇਕ ਚਿਠੀ ਉਹਨਾਂ ਨੂੰ ਲਿਖੀ, ਜਿਸ ਵਿਚ ਇਸ ਵਿਸ਼ੇ ਤੇ ਸਵਿਸਥਾਰ ਵਿਚਾਰ ਪ੍ਰਗਟ ਕੀਤੇ। ਸਦ-ਭਾਵਨਾ ਅਧੀਨ ਭਾ: ਕੁੰਭੇਰ ਸਿੰਘ ਜੀ ਦੇ ਹਥਲੇ ਲੇਖ ਦੀ ਨਕਲ ਛਾਪਣ ਤੋਂ ਪਹਿਲਾਂ ਡਾ: ਗੁਰਬਖਸ਼ ਸਿੰਘ ਜੀ ਨੂੰ ਉਹਨਾਂ ਦੀ ਸੂਚਨਾ ਅਤੇ ਟਿਪਣੀ ਹਿਤ ਭੇਜੀ ਗਈ। ਉਹਨਾਂ ਦਾ ਜਵਾਬੀ ਪੱਤਰ ਆਇਆ ਹੈ। ਉਹ ਆਪਣੇ ਵਿਚਾਰਾਂ ਤੇ ਡਟੇ ਪਏ ਹਨ। ਆਪਣੀ ਚਿਠੀ ਵਿਚ ਉਹਨਾਂ ਨੇ ਹੇਠ ਲਿਖੀ ਟਿੱਪਣੀ ਕੀਤੀ ਹੈ :—

**(ੳ) ਭਵਨ—ਲੋਕ**

**ਡਾਕਟਰ ਸਾਹਿਬ ਦੇ ਵਿਚਾਰ—**

ਗੁਰਬਾਣੀ ਵਿਚ ਤਿੰਨ, ਚੌਦਾਂ ਅਤੇ ਬੇਅੰਤ ਲੋਕ ਲਿਖੇ ਹਨ। ਕੀ ਗੁਰੂ ਸਾਹਿਬ ਨੂੰ ਪਤਾ ਨਹੀਂ ਸੀ ਕਿ ਲੋਕ ਕਿਤਨੇ ਹਨ ? ਅਸੀਂ ਸਾਰੇ ਜਾਣਦੇ ਹਾਂ ਗੁਰੂ ਸਾਹਿਬ ਪ੍ਰਮਾਤਮਾ ਦਾ ਸਰੂਪ ਸਨ, ਉਹ ਸਭ ਕੁਝ ਜਾਣਦੇ ਸਨ। ਉਹਨਾਂ ਨੂੰ ਇਹ ਵੀ ਪਤਾ ਸੀ ਕਿ ਹਿੰਦੂ ਕਿਤਨੇ ਕਹਿੰਦੇ ਹਨ, ਮੁਸਲਮਾਨ ਕਿਤਨੇ ਅਤੇ ਪ੍ਰਮਾਤਮਾ ਨੇ ਬਣਾਏ ਕਿਤਨੇ ਹਨ। ਇਸੇ ਲਈ ਉਹਨਾਂ ਦੋਨਾਂ ਧਰਮਾਂ ਦੀ ਗਿਣਤੀ ਦਿਤੀ ਹੈ। ਅਰਥ ਇਨ੍ਹਾਂ ਤਿੰਨਾਂ ਗਿਣਤੀਆਂ ਦਾ ਇਕੋ ਕਰਨਾ ਹੈ—ਸਾਰੀ ਸ੍ਰਿਸ਼ਟੀ।

| | |
|---|---|
| ਤਿੰਨ ਲੋਕ (ਹਿੰਦੂ ਮਤ ਅਨੁਸਾਰ | =ਸਾਰੀ ਸ੍ਰਿਸ਼ਟੀ |
| ਚੌਦਾਂ ਲੋਕ (ਮੁਸਲਮਾਨੀ ਮਤ ਅਨੁਸਾਰ) | =ਸਾਰੀ ਸ੍ਰਿਸ਼ਟੀ |
| ਬੇਅੰਤ ਲੋਕ (ਗੁਰਮਤਿ ਅਨੁਸਾਰ) | =ਸਾਰੀ ਸ੍ਰਿਸ਼ਟੀ |

ਜੇਕਰ ਆਪ ਜੀ ਇਸ ਗੱਲ ਨਾਲ ਸਹਿਮਤ ਹੋ ਜਾਵੋ ਫਿਰ ਮੇਰੇ ਅਤੇ ਆਪ ਸਭ ਦੇ ਵੀਚਾਰ ਰਲ



www.AKJ.Org

ਜਾਂਦੇ ਹਨ।

"ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥" (੨੯੯)

ਇਥੇ ਬੇਅੰਤ ਲੋਕਾਂ ਵਿਚੋਂ ਕੇਵਲ ਚੌਦਾਂ ਵਿਚ ਹੀ ਰਾਮ ਨੂੰ ਬਿਆਪਤ ਨਹੀਂ ਮੰਨਣਾ, ਸਗੋਂ ਅਰਥ ਕਰਨਾ ਹੈ, ਸਾਰੀ ਸ੍ਰਿਸ਼ਟੀ ਵਿਚ ਹੀ ਰਾਮ ਬਿਆਪਤ ਹੈ। ਕਿਉਂਕਿ ਮੁਸਲਮਾਨੀ ਮਤਿ ਅਨੁਸਾਰ ਸ੍ਰਿਸ਼ਟੀ ਚੌਦਾਂ ਲੋਕਾਂ ਵਿਚ ਵੰਡੀ ਹੈ। ਇਸ ਲਈ ਗਿਣਤੀ ੧੪ ਲਿਖੀ ਹੈ। ਇਹ ਗੁਰਬਾਣੀ ਦੀ ਠੀਕ ਵਿਆਖਿਆ ਹੈ। ਗੁਰਬਾਣੀ ਨੂੰ ਗਲਤ ਕਹਿਣਾ ਨਹੀਂ ਹੈ। ਕੁਝ ਉਦਾਹਰਨਾਂ ਹੋਰ ਹਨ।

**ਐਡੀਟੋਰੀਅਲ ਟਿਪਣੀ–**

ਡਾਕਟਰ ਸਾਹਿਬ ਦੀ ਅਰਥ-ਪ੍ਰਣਾਲੀ ਤੋਂ ਪਹਿਲਾਂ ਵੀ ਵਿਦਵਾਨਾਂ ਨੇ 'ਤਿੰਨ ਲੋਕ' ਅਤੇ 'ਚੌਦਾਂ ਲੋਕ' ਦਾ ਅਰਥ ਸਮੱਗਰ ਸ੍ਰਿਸ਼ਟੀ ਹੀ ਕੀਤਾ ਹੋਇਆ ਹੈ। ਸ੍ਰਿਸ਼ਟੀ ਦੇ 'ਤਿੰਨ ਲੋਕ' ਅਤੇ 'ਚੌਦਾਂ ਲੋਕ' ਵਖ ਵਖ ਦ੍ਰਿਸ਼ਟੀ-ਕੋਣਾਂ ਦੇ ਅਧਾਰ ਤੇ ਮਿਥੇ ਹੋਏ ਹਨ। ਭਾਵ ਸਮੂਹ ਸ੍ਰਿਸ਼ਟੀ ਹੈ। ਇਸ ਵਿਚ ਬ੍ਰਾਹਮਣੀ ਸਿਧਾਂਤ ਵਾਲੀ ਕੋਈ ਗੱਲ ਨਹੀਂ। ਸੰਸਾਰ ਦੀਆਂ ਦਿਸ਼ਾਂ 'ਚਾਰ' ਵੀ ਹਨ, 'ਦਸ' ਵੀ। ਵਖ ਵਖ ਦ੍ਰਿਸ਼ਟੀ-ਕੋਣ ਅਨੁਸਾਰ ਦੋਵੇਂ ਗੱਲਾਂ ਯਥਾਰਥ ਹਨ ਅਤੇ ਦਰੁੱਸਤ ਹਨ।

**(ਅ) ਧਰਮ ਰਾਜ**

**ਡਾਕਟਰ ਸਾਹਿਬ ਦੇ ਵਿਚਾਰ–**

ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ (੯੫੩)
ਧਰਮ ਰਾਇ ਜਬ ਲੇਖਾ ਮਾਂਗੈ... (੧੧੦੪)
ਦੋਜਕਿ ਪਾਏ ਸਿਰਜਣਹਾਰੇ ਲੇਖਾ ਮੰਗੈ ਬਾਣੀਆ ॥ (੧੦੨੦)

ਕੀ ਤਿੰਨ ਹਸਤੀਆਂ ਹਨ, ਲੇਖਾਂ ਲੈਣ ਵਾਲੀਆਂ ਜਾਂ ਇਕੋ ? ਕੀ ਅਰਥ ਕਰੋਗੇ ? ਅਸਲ ਵਿਚ ਇਹਨਾਂ ਤਿੰਨ ਸ਼ਬਦਾਂ–ਧਰਮ ਰਾਏ, ਬਾਣੀਆ, ਰੱਬ ਦਾ ਅਰਥ ਇਕੋ ਹੈ–ਪ੍ਰਮਾਤਮਾ। ਇਸ ਦਾ ਭਾਵ ਇਹ ਨਹੀਂ ਕਿ ਹਿੰਦੂਆਂ ਤੋਂ ਲੇਖਾ ਧਰਮ ਰਾਏ ਲਵੇਗਾ ਅਤੇ ਮੁਸਲਮਾਨਾਂ ਤੋਂ ਰੱਬ, ਬਾਕੀਆਂ ਤੋਂ ਬਾਣੀਆ ਪੁਛ ਕਰੇਗਾ। ਸਭ ਤੋਂ ਲੇਖਾ ਪ੍ਰਮਾਤਮਾ ਆਪ ਹੀ (ਹਿੰਦੂ ਮਤ ਵਾਲਾ, ਪ੍ਰਮਾਤਮਾ ਤੋਂ ਵਖਰਾ ਕੋਈ ਧਰਮ-ਰਾਜ ਨਹੀਂ) ਲੈਂਦਾ ਹੈ–ਹਰਿ ਆਪੇ ਮਾਰੇ, ਹਰਿ ਆਪੇ ਛੋਡੈ... (੫੯੪)

ਭਾਈ ਕਾਹਨ ਸਿੰਘ ਨਾਭਾ ਲਿਖਤ ਗੁਰੁਮਤ ਮਾਰਤੰਡ ਪੰਨਾ ੬੦੭ ਤੇ ਇਹ ਲਿਖਿਆ ਹੈ–ਸੰਸਕ੍ਰਿਤ ਗ੍ਰੰਥਾਂ ਵਿਚ ਧਰਮ ਅਤੇ ਧਰਮ ਰਾਜ ਨਾਮ ਯਮ ਅਥਵਾ ਯਮਰਾਜ ਦਾ ਹੈ। ਗੁਰਮਤਿ ਵਿਚ ਨਿਯਾਯਕਾਰੀ ਕਰਤਾਰ ਲਈ ਇਹ ਸ਼ਬਦ ਵਰਤਿਆ ਹੈ। ਪੌਰਾਣਿਕ ਧਰਮ ਰਾਜ ਦਾ ਸਿਖਾਂ ਨਾਲ ਵਾਸਤਾ ਨਹੀਂ ਪੈਂਦਾ।

**ਐਡੀਟੋਰੀਅਲ ਟਿਪਣੀ–**

"ਡਾਕਟਰ ਸਾਹਿਬ ਲਿਖਦੇ ਹਨ, ਅਸਲ ਵਿਚ ਇਹਨਾਂ ਤਿੰਨਾਂ ਸ਼ਬਦਾਂ 'ਧਰਮ-ਰਾਏ', 'ਬਾਣੀਆ' ਅਤੇ 'ਰੱਬ' ਦਾ ਅਰਥ ਇਕੋ ਹੈ–ਪ੍ਰਮਾਤਮਾ"। ਇਥੇ ਅਸੀਂ ਗੁਰਬਾਣੀ ਦੀਆਂ ਕੁਝ ਪੰਗਤੀਆਂ ਦੇ ਕੇ ਉਹਨਾਂ ਬਾਰੇ ਨਿਰਣਾ ਕਰਨਾ ਡਾਕਟਰ ਸਾਹਿਬ ਤੇ ਹੀ ਛਡਦੇ ਹਾਂ :–

(੧) ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ ॥ (੫੫੫)

ਇਸ ਪੰਗਤੀ ਵਿਚ 'ਧਰਮ ਰਾਇ' ਅਤੇ 'ਹਰਿ' ਦੋ ਵਖ ਵਖ ਹਸਤੀਆਂ ਨਿਰੂਪਨ ਕੀਤੀਆਂ ਹੋਈਆਂ ਹਨ ਤੇ ਸਪਸ਼ਟ ਕੀਤਾ ਹੋਇਆ ਹੈ ਕਿ ਧਰਮ ਰਾਜ ਹਰੀ ਦਾ ਸਾਜਿਆ ਨਿਵਾਜਿਆ ਹੋਇਆ ਹੈ। ਕੀ ਧਰਮ ਰਾਇ ਹੀ ਰੱਬ ਹੈ ? ਕੀ ਰੱਬ ਹਰੀ ਜਨਾਂ ਤੇ ਸੇਵਕਾਂ ਦੇ ਨੇੜੇ ਨਹੀਂ ਢੁਕਦਾ ?

(੨) ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ (ਪੰਨਾ ੨੮)



www.AKJ.Org

ਧਰਮ ਰਾਇ ਜੇ ਰੱਬ ਹੈ ਤਾਂ ਇਸ ਨੂੰ ਹੁਕਮ ਦੇਣ ਵਾਲਾ ਕੌਣ ਹੈ ? ਕੀ ਰੱਬ ਵੀ ਕਿਸੇ ਦੇ ਹੁਕਮ ਅਧੀਨ ਹੈ ?

(੩) ਭੈ ਵਿਚਿ ਰਾਜਾ ਧਰਮ ਦੁਆਰੁ ॥ (੪੬੪)

ਜੇ 'ਧਰਮ ਰਾਜ' ਰੱਬ ਹੀ ਹੈ ਤਾਂ ਕੀ ਰੱਬ ਕਿਸੇ ਦੇ ਭਉ ਵਿਚ ਹੈ ? ਜੇ ਹੈ ਤਾਂ ਕਿਸ ਦੇ ?

**(ੲ) ਅਕਾਲ ਪੁਰਖ**

**ਡਾਕਟਰ ਸਾਹਿਬ ਦੇ ਵਿਚਾਰ–**

(i) ਰਾਮੁ ਜਪਉ ਜੀਅ ਐਸੇ ਐਸੇ ॥ (੩੩੭) (ii) ਨਿਹਚਲੁ ਸਚੁ ਖੁਦਾਇ ਏਕੁ...(੧੧੦੦)

ਪਹਿਲਾ ਸ਼ਬਦ "ਰਾਮ" ਹਿੰਦੂ ਮਤਿ ਵਾਲਾ, ਦੂਜਾ "ਖੁਦਾ" ਮੁਸਲਮਾਨ ਮਤਿ ਵਾਲਾ ਅਕਾਲ ਪੁਰਖ ਲਈ ਵਰਤੇ ਹਨ। ਦੋਨੋ ਤੁਕਾਂ ਵਿਚ ਭਾਵ ਅਕਾਲ ਪੁਰਖ ਹੈ। ਇਸੇ ਤਰ੍ਹਾਂ ਅਲਗ ਅਲਗ ਧਰਮਾਂ ਦੇ ਹੋਰ ਨਾਮ ਅਲਾਹ, ਗੋਬਿੰਦ, ਹਰੀ, ਭਗਵਾਨ, ਪ੍ਰਮਾਤਮਾ ਆਦਿ ਵਰਤੇ ਗਏ ਹਨ। ਸਭ ਦਾ ਅਰਥ ਅਕਾਲ ਪੁਰਖ ਹੈ। ਕੀ ਤੁਸੀਂ ਇਸ ਨਾਲ ਭੀ ਸਹਿਮਤ ਨਹੀਂ ?

੩. ਜਪੁਜੀ ਸਾਹਿਬ ਦੀ ਹੇਠ ਲਿਖੀ ਤੁਕ ਦੇ ਅਰਥ ਕਰੋਗੇ ਤਾਂ ਭੁਲੇਖਾ ਸਭ ਮਿਟ ਜਾਵੇਗਾ–

ਗੁਰੁ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ ॥ (ਜਪੁਜੀ, ਪੰਨਾ ੨)

**ਐਡੀਟੋਰੀਅਲ ਟਿਪਣੀ–**

ਹਰ ਕੋਈ ਮੰਨਦਾ ਹੈ ਕਿ 'ਰਾਮ' 'ਅੱਲਾ' ਅਤੇ 'ਅਕਾਲ ਪੁਰਖ' ਵਖ ਵਖ ਬੋਲੀਆਂ ਵਿਚ ਵਾਹਿਗੁਰੂ ਦੀ ਕਿਸੇ ਨਿਸਚਿਤ ਸਿਫ਼ਤ ਦੇ ਅਧਾਰ ਤੇ ਰਖੇ ਹੋਏ ਸਿਫਤੀ (ਕਰਮ) ਨਾਮ ਹਨ। ਇਸ ਵਿਚ ਬ੍ਰਾਹਮਣੀ ਸਿਧਾਂਤ ਵਾਲੀ ਕਿਹੜੀ ਗਲ ਹੋਈ ?

ਡਾਕਟਰ ਸਾਹਿਬ ਜੀ ਦੀ ਵਿਚਾਰ-ਧਾਰਾ ਨੂੰ ਚੰਗੀ ਤਰ੍ਹਾਂ ਘੋਖਿਆ ਗਿਆ ਹੈ। ਉਹਨਾਂ ਦੀ ਭਾਵਨਾ ਸੁਧ ਹੈ, ਪਰ ਵਿਚਾਰਧਾਰਾ ਨੂੰ ਗਲਤ ਢੰਗ ਨਾਲ ਪੇਸ਼ ਕਰਕੇ ਗੋਰਖ-ਧੰਧੇ ਵਿਚ ਫਸ ਗਏ ਜਾਪਦੇ ਹਨ।

ਸੋ ਅਸੀਂ ਭਾ: ਕੁੰਭੇਰ ਸਿੰਘ ਜੀ ਦਾ ਲੇਖ ਡਾਕਟਰ ਗੁਰਬਖਸ਼ ਸਿੰਘ ਜੀ ਦੇ ਵਿਚਾਰਾਂ ਅਤੇ ਆਪਣੀ ਟਿਪਣੀ ਸਮੇਤ ਪਾਠਕਾਂ ਦੇ ਪੇਸ਼ ਕਰ ਰਹੇ ਹਾਂ। –ਸੰਪਾਦਕ

੧੯੮੧ ਦੇ ਅਕਤੂਬਰ ਦੇ ਮਹੀਨੇ ਉਪ੍ਰੋਕਤ ਸਿਰਲੇਖ ਹੇਠ ਮੇਰੇ ਵਲੋਂ ਇਕ ਲੇਖ 'ਸੂਰਾ' ਮਾਸਿਕ ਪੱਤਰ ਵਿਚ ਛਪਿਆ ਸੀ। ਇਸ ਤੋਂ ਪਹਿਲਾਂ ਕਿ ਮੈਂ ਇਸ ਲੇਖ-ਲੜੀ ਦੀ ਵਿਚਾਰ ਨੂੰ ਹੋਰ ਅੱਗੇ ਤੋਰਾਂ, ਮੈਂ ਉਚਿਤ ਸਮਝਦਾ ਹਾਂ ਕਿ ਪਾਠਕਾਂ ਦੀ ਜਾਣਕਾਰੀ ਲਈ ਡਾਕਟਰ ਗੁਰਬਖਸ਼ ਸਿੰਘ ਜੀ ਦੇ 'ਗੁਰਮਤਿ-ਪ੍ਰਕਾਸ਼' ਵਿਚ ਛੱਪੇ ਲੇਖਾਂ ਵਿਚੋਂ ਕੁਝ ਅੰਸ਼ ਇਥੇ ਲਿਖ ਦਿਤੇ ਜਾਣ, ਤਾਂ ਜੁ "ਸੂਰਾ" ਦੇ ਪਾਠਕਾਂ ਨੂੰ ਇਸ ਲੇਖ ਵਿਚ ਦੇ ਵਿਚਾਰਾਂ ਨੂੰ ਸਮਝਣ ਵਿਚ ਸੁਵਿਧਾ ਹਾਸਲ ਹੋ ਜਾਵੇ। ਸੋ ਇਹ ਅੰਸ ਸੰਖੇਪ ਮਾਤ੍ਰ ਇਸ ਪ੍ਰਕਾਰ ਹਨ।

ਜੁਲਾਈ ੮੧ ਦੇ 'ਗੁਰਮਤਿ ਪ੍ਰਕਾਸ਼' ਵਿਚ 'ਗੁਰਬਾਣੀ ਵਿਚ ਅਨਮਤੀ ਵਿਚਾਰ' ਦੇ ਸਿਰਲੇਖ ਹੇਠ ਛਪੇ ਲੇਖ ਦੇ ਅਰੰਭਕ ਪੈਰੇ ਵਿਚ ਲਿਖਿਆ ਹੈ–

"ਕਈ ਗੁਰਦਵਾਰਿਆਂ ਵਿਚ ਇਹ ਵੀ ਦਸਿਆ ਜਾਂਦਾ ਹੈ ਕਿ ਜੀਵ ਨੂੰ ੮੪ ਲੱਖ ਜੂਨਾਂ ਭੁਗਤਣੀਆਂ ਪੈਂਦੀਆਂ ਹਨ, ਹਰ ਮਨੁੱਖ ਮੌਤ ਪਿਛੋਂ ਧਰਮ-ਰਾਜ ਪਾਸ ਪੇਸ਼ ਹੁੰਦਾ ਹੈ। ਉਹ ਲੇਖਾ ਕਰ ਕੇ ਮਨੁੱਖ ਦੇ ਕਰਮਾਂ ਅਨੁਸਾਰ ਨਰਕ ਸੁਰਗ ਦੇ ਦਿੰਦਾ ਹੈ। ਅਜਿਹੇ ਕੱਚੇ ਸਿਧਾਂਤ ਤੇ ਕਥਾਵਾਂ ਜੋ ਉਤਮ ਨਿਰੋਲ ਤੇ ਨਿਰਾਲੀ ਗੁਰਮਤਿ ਵਿਚ ਰਲਾ ਕੇ ਪ੍ਰਚਾਰੇ ਜਾਂਦੇ ਹਨ, ਵਿਚਾਰਵਾਨਾਂ ਦੀ ਸੋਚ ਦਾ ਕਾਰਣ ਬਣਦੇ ਹਨ।"

ਇਸੇ ਲੇਖ ਵਿਚ ਸਫਾ ੬੫ ਤੇ ਲਿਖਿਆ ਹੈ, **"ਸਮੇਂ ਦੀ ਵੰਡ ਕਰਨ ਲਈ ਚਾਰ ਜੁਗਾਂ ਦੇ**



www.AKJ.Org

ਪੁਰਾਣਕ ਸਿਧਾਂਤ ਨੂੰ ਗੁਰਬਾਣੀ ਨਹੀਂ ਮੰਨਦੀ।''

ਗੁਰੂ ਨਾਨਕ ਦੇਵ ਜੀ ਦੇ ਇਕ ਸ਼ਬਦ ''ਗੋਤਮ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥'' (ਪ੍ਰਭਾਤੀ ਮ: ੧, ਪੰਨਾ ੧੩੪੩) ਦੇ ਬਾਰੇ ਸਫਾ ੬੬ ਤੇ ਲਿਖਿਆ ਹੈ ਕਿ **''ਇਸ ਸਾਰੇ ਸ਼ਬਦ ਵਿਚ ਮਨੋ-ਕਲਪਤ ਦੇਵਤਿਆਂ ਤੇ ਰਾਜਿਆਂ ਦੀਆਂ ਭੁਲਾਂ ਦਰਸਾ ਕੇ ਸਾਨੂੰ ਦਸਿਆ ਗਿਆ** ਹੈ ਕਿ ਸਭ ਭੁਲ ਕਰ ਸਕਦੇ ਹਨ। ਕੋਈ ਜਾਣ ਕੇ ਨਹੀਂ ਭੁਲਦਾ, ਉਹੀ ਭੁਲਦਾ ਹੈ ਜਿਸ ਨੂੰ ਪ੍ਰਭੂ ਭੁਲਾਉਂਦਾ ਹੈ। ਇਸ ਦਾ ਭਾਵ ਇਸ ਸ਼ਬਦ ਵਿਚ ਆਈ ਕਿਸੇ ਵੀ ਕਥਾ ਨੂੰ ਸੱਚਾ ਦੱਸਣ ਦਾ ਨਹੀਂ, ਸਗੋਂ ਗੁਰਮਤਿ ਅਨੁਸਾਰ ਪ੍ਰਭੂ ਦੀ ਵਡਿਆਈ ਦਸਣਾ ਤੇ ਹੋਰ ਸਭ ਨੂੰ ਅਲਪਗ ਦਰਸਾਉਣਾ ਹੈ।''

ਬ੍ਰਹਮਾ, ਵਿਸ਼ਨੂ ਤੇ ਸ਼ਿਵ (ਮਹੇਸ਼) ਦੇ ਬਾਰੇ ਸਫਾ ੬੮ ਤੇ ਲਿਖਿਆ ਹੈ–**''ਇਹ ਤਿੰਨੇ ਹੀ ਮਨੋ-ਕਲਪਤ ਦੇਵਤੇ ਹਨ। ਇਨ੍ਹਾਂ ਦੀ ਕੋਈ ਹਸਤੀ ਨਹੀਂ ਹੈ।''**

ਇਸੇ ਸਿਰਲੇਖ ਹੇਠ ਅਗਸਤ ੮੧ ਦੇ 'ਗੁਰਮਤਿ ਪ੍ਰਕਾਸ਼' ਵਿਚ ਛਪੇ ਲੇਖ ਦੇ ਅਰੰਭ ਵਿਚ ਹੀ ਲਿਖਦੇ ਹਨ ਕਿ ''ਇਸ ਲੇਖ ਦਾ ਮੰਤਵ ਗੁਰਸਿਖਾਂ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਹੈ ਕਿ ਪੁਰਾਣਕ ਕਥਾਵਾਂ ਮਨੋ ਕਲਪਤ ਹਨ। ਇਹਨਾਂ ਕਥਾਵਾਂ ਦੀ ਵਰਤੋਂ ਗੁਰਮਤਿ ਪ੍ਰਚਾਰ ਲਈ ਕਰਨੀ ਹੈ। **ਇਹਨਾਂ ਨੂੰ ਸੱਚ ਨਹੀਂ ਮੰਨਣਾ।**

ਧਰਮ-ਰਾਜ ਦੇ ਬਾਰੇ ਇਸੇ ਲੇਖ ਦੇ ਸਫਾ ੧੧ ਤੇ ਲਿਖਿਆ ਹੈ ਕਿ **ਧਰਮ ਰਾਜ ਦੀ ਕੋਈ ਹਸਤੀ ਨਹੀਂ ਹੈ। ਗੁਰਬਾਣੀ ਵਿਚ ਇਸ ਦੇ ਨਾਮ ਦੀ ਵਰਤੋਂ ਕਰ ਕੇ ਮਨੁੱਖ ਨੂੰ ਚੰਗੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ, ਨਾ ਕਿ ਧਰਮ ਰਾਜ ਦੀ ਹਸਤੀ ਦੱਸਣ ਲਈ।''** ਅਗੇ ਸਫ਼ਾ ੧੩ ਤੇ ਗੱਲ ਮੁਕਾਂਦੇ ਹਨ ਕਿ ''ਇਸ ਤੋਂ ਇਹ ਅਰਥ ਨਹੀਂ ਲੈਣੇ ਕਿ ਰੱਬ ਨੇ ਧਰਮ ਰਾਜ ਨੂੰ ਜੱਜ ਦੀ ਡੀਊਟੀ ਦੇ ਰੱਖੀ ਹੈ। ਧਰਮ ਰਾਜ ਬ੍ਰਾਹਮਣੀ ਮਤਿ ਦਾ ਇਕ ਮਨ-ਘੜਤ ਵਿਚਾਰ ਹੈ। ਗੁਰਮਤਿ ਅਨੁਸਾਰ ਧਰਮ-ਰਾਜ ਦੀ ਕੋਈ ਵਖਰੀ ਹਸਤੀ ਨਹੀਂ, ਪ੍ਰਭੂ ਆਪ ਹੀ ਨਿਆਂ ਕਰਦਾ ਹੈ।''

ਇਸੇ ਲੇਖ ਦੇ ਸਫਾ ੧੪ ਤੇ ''ਨਰਕ ਸੁਰਗ'' ਬਾਰੇ ਲਿਖਿਆ ਹੈ, **''ਗੁਰਮਤਿ ਅਨੁਸਾਰ ਕੋਈ ਅਜਿਹਾ ਖ਼ਾਸ ਸਥਾਨ ਇਸ ਧਰਤੀ ਤੋਂ ਪਰੇ ਨਹੀਂ, ਜੋ ਸੁਰਗ ਜਾਂ ਦੋਜ਼ਖ (ਨਰਕ) ਹੋਵੇ।''** ਅੱਗੇ ਸਫਾ ੧੬ ਤੇ ਲਿਖਿਆ ਹੈ ਕਿ ''ਜੇ ਕਿਤੇ ਸੁਰਗ ਕੋਈ ਸੱਚੇ ਆਨੰਦ ਵਾਲੀ ਥਾਂ ਹੁੰਦੀ, ਉਸ ਦੀ ਭਗਤਾਂ ਵਲੋਂ ਜ਼ਰੂਰ ਇੱਛਾ ਕੀਤੀ ਜਾਂਦੀ, ਪਰ ਉਹ ਤਾਂ ਮੰਨਦੇ ਕੇਵਲ ਪ੍ਰਭੂ ਨਾਮ ਹਨ ਤੇ ਇਸੇ ਨੂੰ ਸੁਰਗ ਕਹਿੰਦੇ ਹਨ। ਬਿਨਾਂ ਸ਼ੱਕ ਤੋਂ ਇਹ ਮੰਨਣਾ ਪਵੇਗਾ ਕਿ ਸੁਰਗ ਜਾਂ ਨਰਕ ਕੋਈ ਅਜਿਹੀ ਜਗ੍ਹਾ ਜਾਂ ਦੇਸ਼ ਨਹੀਂ ਜਿਥੇ ਜੀਵਾਂ ਨੂੰ ਸੁੱਖ ਜਾਂ ਦੁੱਖ ਦਿਤੇ ਜਾਂਦੇ ਹਨ। ਇਹ ਅਨਮਤਾਂ ਦੇ ਮਨੋ-ਕਲਪਤ ਸਥਾਨ ਹਨ।''

ਸੋ ਡਾਕਟਰ ਸਾਹਿਬ ਜੀ ਦੇ ਇਹਨਾਂ ਲੇਖਾਂ ਦੇ ਜਵਾਬ ਵਿਚ ਹੀ ਦਾਸ ਨੇ ਪਿਛਲੇ, ਅਕਤੂਬਰ ੮੧ ਦੇ ਸੂਰਾ ਮਾਸਿਕ ਪੱਤਰ ਵਿਚ ਆਪਣੇ ਵਿਚਾਰ ਪਾਠਕਾਂ ਦੀ ਸੇਵਾ ਵਿਚ ਰੱਖੇ ਹਨ।

ਡਾਕਟਰ ਸਾਹਿਬ ਜੀ ਵਲੋਂ ਆਪਣੇ ਲੇਖ ਦਾ ਸਿਰਲੇਖ ''ਗੁਰਬਾਣੀ ਵਿਚ ਅਨਮਤੀ ਵਿਚਾਰ'' ਲਿਖਣਾ ਹੀ ਗੁਰਬਾਣੀ ਦੇ ''ਸੱਚੀ'' ਹੋਣ ਤੇ ਕਿੰਤੂ ਕਰਨ ਦੇ ਤੁੱਲ ਹੈ। ਮੇਰਾ ਵਿਚਾਰ ਇਹ ਹੈ ਕਿ ਗੁਰਬਾਣੀ ਵਿਚ ਅੰਕਤ ਸਭ ਵਿਚਾਰ ਗੁਰਮਤਿ ਦੇ ਵਿਚਾਰ ਹੀ ਸਮਝਣੇ ਉਚਿਤ ਹਨ। ਕੋਈ ਪੁੱਛੇ ਕਿ ਜੇ ਕਿਸੇ ਹੋਰ ਮੱਤ ਵਿਚ ਚੋਰੀ ਕਰਨਾ ਜਾਂ ਝੂਠ ਬੋਲਣਾ ਪਾਪ ਦਸਿਆ ਹੈ, ਤੇ ਜੇ ਇਹੋ ਸਿਧਾਂਤ ਜਾਂ ਵਿਚਾਰ ਗੁਰਬਾਣੀ ਵਿਚ ਲਿਖੇ ਹਨ ਤਾਂ ਕੀ ਇਹ ਅਨਮਤੀ ਵਿਚਾਰ ਸਮਝੇ ਜਾਣਗੇ? ਇਸ ਦਾ ਜੁਆਬ ਹੋਵੇਗਾ ਕਿ 'ਨਹੀਂ।'' ਇਹ ਗੁਰਮਤਿ ਦੇ ਵਿਚਾਰ ਹੀ ਸਮਝੇ ਜਾਣਗੇ। ਸੋ ਇਸੇ ਤਰ੍ਹਾਂ ਉਹ ਵਿਚਾਰ ਜਾਂ ਸਿਧਾਂਤ ਜੋ ਦੂਜੇ ਮੱਤਾਂ ਵਿਚ ਆਏ ਹਨ, ਅਤੇ ਉਨ੍ਹਾਂ ਨੂੰ ਜੇਕਰ ਗੁਰਮਤਿ ਅਨੁਸਾਰ ਸਮਝ ਕੇ ਗੁਰਬਾਣੀ ਵਿਚ ਕਿਸੇ ਵਿਸ਼ੇ ਦੀ ਪੁਸ਼ਟੀ ਵਜੋਂ ਅੰਕਤ



www.AKJ.Org

ਕੀਤਾ ਗਿਆ ਹੈ ਤਾਂ ਇਹਨਾਂ ਵਿਚਾਰਾਂ ਨੂੰ ਅਨਮਤੀ ਵਿਚਾਰ ਹੀ ਕਹੀ ਜਾਣਾ ਅਯੋਗ ਹੈ। ਇਨ੍ਹਾਂ ਨੂੰ ਗੁਰੂ ਜ਼ੀ ਦੇ ਵਿਚਾਰ ਹੀ ਸਮਝਣਾ ਉਚਿੱਤ ਹੈ ਕਿਉਂਕਿ ਇਹ ਗੁਰੂ ਜੀ ਨੇ ਭਰੋਸੇ ਯੋਗ ਜਾਣ ਕੇ ਹੀ ਅਪਣਾਏ ਹਨ। ਬੇ-ਭਰੋਸੇ ਜਾਂ ਪੋਲੇ ਵਿਚਾਰਾਂ ਨੂੰ ਗੁਰਬਾਨੀ ਵਿਚ ਥਾਂ ਨਹੀਂ ਦਿਤੀ ਗਈ। ਤਾਂ ਤੇ ਇਨ੍ਹਾਂ ਵਿਚਾਰਾਂ ਨੂੰ ਅਨਮਤੀ ਵਿਚਾਰ ਕਹਿਣਾ ਵੀ ਯੋਗ ਨਹੀਂ।

ਡਾਕਟਰ ਸਾਹਿਬ ਕਹਿੰਦੇ ਹਨ ਕਿ "ਜੇ ਕੋਈ ਸੁਰਗ ਨਾਂ ਦੀ ਕੋਈ ਸੱਚੇ ਅਨੰਦ ਵਾਲੀ ਥਾਂ ਕੋਈ ਵਖਰੀ ਹੁੰਦੀ ਤਾਂ ਭਗਤਾਂ ਵਲੋਂ ਜ਼ਰੂਰ ਉਸ ਦੀ ਇੱਛਾ ਕੀਤੀ ਜਾਂਦੀ। ਇਸ ਦਾ ਜੁਆਬ ਇਹ ਹੈ ਕਿ ਭਗਤ ਤਾਂ ਪ੍ਰਭੂ-ਦਰਸ਼ਨ ਤੇ ਪ੍ਰਭੂ-ਨਾਮ ਦੇ ਇਛੱਕ ਹੁੰਦੇ ਹਨ। ਉਹ ਕਿਉਂ ਸੁਰਗ ਦੀ ਇੱਛਾ ਕਰਦੇ ? ਭਗਤ ਕਬੀਰ ਸਾਹਿਬ ਜੀ ਨੇ ਲਿਖਿਆ ਹੈ :—

ਸੁਰਗ ਬਾਸੁ ਨ ਬਾਛੀਐ ਡਰੀਐ ਨਾ ਨਰਕਿ ਨਿਵਾਸੁ ॥ (ਗਉੜੀ ਪੂਰਬੀ, ਪੰਨਾ ੩੩੭)

ਭਗਤ ਕਬੀਰ ਸਾਹਿਬ ਜੀ ਦੀ ਇਹ ਤੁਕ ਹੀ ਦਸਦੀ ਹੈ ਕਿ ਕੋਈ ਸੁਰਗ ਸੁੱਖ ਵਾਲੀ ਥਾਂ ਹੈ, ਪਰ ਉਹ ਇਸ ਦੀ ਇੱਛਾ ਨਹੀਂ ਕਰਦੇ। ਉਨ੍ਹਾਂ ਦੀ ਇੱਛਾ ਤਾਂ ਇਹ ਸੀ ਕਿ :—

ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥ (ਪੰਨਾ ੧੩੭੦)

ਫਿਰ ਜਿਨ੍ਹਾਂ ਸ਼ੁਭ ਕਰਮ ਕਰਨ ਵਾਲਿਆਂ ਨੂੰ ਮਰਨ ਉਪਰੰਤ ਸੁਰਗ ਦਾ ਵਾਸ ਮਿਲਦਾ ਹੈ, ਉਹ ਵੀ ਤਾਂ ਉਨ੍ਹਾਂ ਦੇ ਕਰਮਾਂ ਦੇ ਮੁਤਾਬਿਕ ਸੀਮਤ ਸਮੇਂ ਲਈ ਉਨ੍ਹਾਂ ਨੂੰ ਮਿਲਦਾ ਹੈ। ਸੁਰਗ-ਵਾਸ ਉਨ੍ਹਾਂ ਲਈ ਕੋਈ ਸਦੀਵੀ ਸੁਖ ਤਾਂ ਨਹੀਂ ਹੁੰਦਾ। ਫਿਰ ਭਗਤ ਸੁਰਗ ਦੀ ਇੱਛਾ ਕਿਉਂ ਕਰਦੇ ? ਉਹ ਤਾਂ ਸਦੀਵੀ ਸੁਖ ਦੀ ਪ੍ਰਾਪਤੀ ਚਾਹੁੰਦੇ ਸਨ, ਜੋ ਵਾਹਿਗੁਰੂ ਦੇ ਨਾਮ-ਸਿਮਰਨ ਦੁਆਰਾ ਪ੍ਰਭੂ-ਪ੍ਰਾਪਤੀ ਕਰਕੇ ਹੀ ਮਿਲਦਾ ਹੈ। ਗੁਰੂ ਘਰ ਦੇ ਅਨਿੰਨ ਭਗਤ, ਗੁਰਸਿਖ, ਤੇ ਗੁਰਮੁਖਿ ਪੰਜ-ਭੂਤਕ ਸਰੀਰ ਛੱਡਣ ਉਪਰੰਤ ਸੱਚਖੰਡ ਜਾਂਦੇ ਹਨ। ਇਸ ਸੱਚਖੰਡ ਦੀ ਬੇ-ਅੰਤ ਲੀਲ੍ਹਾ ਹੈ। ਇਸ ਸੰਬੰਧੀ ਵਧੇਰੇ ਵਿਸਥਾਰ ਪੂਰਬਕ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਸ਼ਰਧਾਲੂ ਪਾਠਕ ਇਸ ਯੁੱਗ ਦੇ ਮਹਾਨ ਨਾਮ-ਅਭਿਆਸੀ ਤੇ ਤਪੱਸਵੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ "ਸੱਚਖੰਡ ਦਰਸ਼ਨ" ਪੜ੍ਹ ਲੈਣ ਦੀ ਖੇਚਲ ਕਰ ਲੈਣ ਤਾਂ ਉਨ੍ਹਾਂ ਵਾਸਤੇ ਬਹੁਤ ਹੀ ਲਾਭਕਾਰੀ ਹੋਵੇਗੀ।

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਆਸਾ ਦੀ ਵਾਰ ਦਾ ਕੀਰਤਨ ਤਾਂ ਅਸੀਂ ਸੁਣਦੇ ਹਾਂ, ਪਰ ਇਸ ਵਿਚ ਅੰਕਤ ਹੇਠ ਲਿਖੀਆਂ ਪੰਕਤੀਆਂ ਅਨੁਸਾਰ ਪਰਗਟਾਏ ਵਿਚਾਰਾਂ ਨੂੰ ਗੁਰਮਤਿ ਦੇ ਵਿਚਾਰ ਹੀ ਨਹੀਂ ਸਮਝਦੇ। ਅਨਮਤੀ ਵਿਚਾਰਾਂ ਦੀ ਹੀ ਰੱਟ ਲਾਈ ਜਾਂਦੇ ਹਾਂ। ਸੋ ਇਹਨਾਂ ਨਿਮਨ ਲਿਖਤ ਪੰਕਤੀਆਂ ਨੂੰ ਗੁਰਮੁਖਿ ਜਨ ਪੜ੍ਹ ਕੇ ਇਹ ਆਪ ਹੀ ਨਿਰਣਾ ਕਰਨ ਦੀ ਕਿਰਪਾ ਕਰਨ। ਕੀ ਇਹ ਵਿਚਾਰ ਅਟੱਲ ਸਚਾਈਆਂ ਦੇ ਅਧਾਰ ਤੇ ਨਹੀਂ ? ਤੇ ਜੇ ਇਹ ਅਟੱਲ ਸਚਾਈਆਂ ਹਨ ਤਾਂ ਫਿਰ ਇਨ੍ਹਾਂ ਨੂੰ ਅਨਮਤੀ ਵਿਚਾਰ ਕਹੀ ਜਾਣਾ ਕਿਵੇਂ ਗੁਰਮਤਿ ਹੋ ਸਕਦੀ ਹੈ ? ਦੇਖੋ ਗੁਰਦੇਵ ਗੁਰੂ ਨਾਨਕ ਦੇਵ ਜੀ ਕੀ ਫੁਰਮਾਉਂਦੇ ਹਨ :—

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥ (੪੬੩) [ਦੋਜਕਿ=ਨਰਕ]

ਫਿਰ ਹੇਠ ਲਿਖੀਆਂ ਤੁਕਾਂ ਦਾ ਕੀ ਅਰਥ ਕਰਾਂਗੇ ?

ਧਰਮ ਰਾਇ ਜਮ ਕੰਕਰਾ **ਆਖਿ ਛਡਿਆ**
ਏਸੁ ਤਪੇ ਨੋ ਤਿਥੈ ਖੜਿ ਪਾਇਅਹੁ ਜਿਥੈ ਮਹਾਂ ਮਹਾਂ ਹਤਿਆਰਿਆ ॥
[ਸਲੋਕ ਮ: ੪, ਵਾਰ ਗਉੜੀ, ਪੰਨਾ ੩੧੯



www.AKJ.Org

ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ ॥੩॥ [ਸਤੇ ਬਲਵੰਡ ਦੀ ਵਾਰ, ਪੰਨਾ ੯੬
ਰੇ ਨਰ ਕਾਇ ਪਰਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ॥੧॥ਰਹਾਉ॥
[ਮਾਰੂ ਮਹਲਾ ੫, ਪੰਨਾ ੧੦੦੧
ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮਰਾਇਆ ॥੪॥੧॥
[ਮਾਰੂ ਮਹਲਾ ੫, ਪੰਨਾ ੯੯੯
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥੨੭॥ ਪੰਨਾ ੬
ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾਂ ਕਉ ਦ੍ਰਿਸਟਿ ਨ ਪੇਖਾ ॥੪॥੪੦॥
[ਆਸਾ ਮਹਲਾ ੫ ਪੰਚਪਦਾ; ਪੰਨਾ ੩੯੩
ਗੁਰਮੁਖਿ ਜਗੁ ਜੀਤਾ ਜਮਕਾਲਿ ਮਾਰਿ ਬਿਦਾਰਿ ॥੭੧॥ ਸਿਧ ਗੋਸਟਿ, ਪੰਨਾ ੯੪੬
ਜਮਦੂਤ ਮਹਾ ਭਇਆਨ ॥ ਚਿਤੁ ਗੁਪਤ ਕਰਮਹਿ ਜਾਨ ॥੩॥
[ਬਿਲਾਵਲ ਮ: ੫ ਅਸਟ, ਪੰਨਾ ੮੩੮
ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾਂ ਕਛੂ ਨ ਚਲੀ ॥ (ਪੰਨਾ ੭੯)

ਗੁਰਬਾਣੀ ਦੇ ਇਨ੍ਹਾਂ ਫੁਰਮਾਨਾਂ ਦੇ ਹੁੰਦਿਆਂ ਅਸੀਂ ਨਰਕ ਸੁਰਗ ਆਦਿ ਤੋਂ ਕਿਵੇਂ ਮੁਕਰ ਸਕਦੇ ਹਾਂ–

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਹਾਹਾ ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥
[ਸਲੋਕ ਫਰੀਦ ਜੀ, ਪੰਨਾ ੧੩੮੩
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥
ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥੧॥
[ਸਲੋਕ ਮ: ੪, ਗਉੜੀ ਕੀ ਵਾਰ, ਪੰਨਾ ੩੦੩
ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰਿ ਬਹਾਲਿਅਨੁ ॥
ਪਾਪੀਆਂ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ ॥੧੯॥
[ਸਿਰੀਰਾਗੁ ਕੀ ਵਾਰ, ਪੰਨਾ ੯੦-੯੧
ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥ (੪੬੫)
ਹਉ ਵਿਚਿ ਨਰਕਿ ਸੁਰਗਿ ਅਵਤਾਰ ॥ (੪੬੬)

ਪਰ ਸਾਡੇ ਇਹ ਪ੍ਰਚਾਰਕ ਵਿਦਵਾਨ ਕਹਿੰਦੇ ਨੇ ਕਿ ਧਰਮ ਰਾਜ, ਨਰਕਾਂ, ਸੁਰਗਾਂ, ਜਮਦੂਤਾਂ ਆਦਿਕ ਨਾਵਾਂ ਦੀ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਵਰਤੋਂ ਤਾਂ ਕੀਤੀ ਹੈ ਤਾਂਕਿ ਲੋਕ ਚੰਗੇ ਕਰਮ ਕਰਨ। ਉਨ੍ਹਾਂ ਦੇ ਭਾ ਦੇ ਐਵੇਂ ਡਰਾਵੇ ਹੀ ਦਿਤੇ ਹਨ। ਪਰ ਉਨ੍ਹਾਂ ਤੋਂ ਪੁਛਿਆ ਜਾ ਸਕਦਾ ਹੈ ਕਿ ਤੁਹਾਡੇ ਵਿਚਾਰ ਦੇ ਮੁਤਾਬਕ ਜੇ ਲੋਕ ਮੰਨ ਲੈਣ ਕਿ ਇਹ ਤਾਂ ਕੇਵਲ ਮਨੋ-ਕਲਪਤ ਹਸਤੀਆਂ ਦੇ ਨਾਂ ਹੀ ਹਨ, ਵਾਸਤਵ ਵਿਚ ਇਹ ਕੋਈ ਹਸਤੀਆਂ ਨਹੀਂ ਤਾਂ ਫੇਰ ਉਹਨਾਂ ਨੂੰ ਕਾਹਦਾ ਡਰ ? ਚਾਹੇ ਚੰਗੇ ਕਰਮ ਕਰਨ ਚਾਹੇ ਮਾੜੇ। ਉਹ ਤਾਂ ਫਿਰ


www.AKJ.Org

ਖੁਲ੍ਹੀ ਛੁੱਟੀ ਸਮਝਣਗੇ । ਸੋ ਉਨ੍ਹਾਂ ਦੀ ਇਹ ਦਲੀਲ ਵੀ ਬੇਸਮਝੀ ਦੇ ਅਧਾਰ ਤੇ ਹੈ, ਜੋ ਮੰਨਣ ਯੋਗ ਨਹੀਂ ਹੈ। ਉਨ੍ਹਾਂ ਅਨੁਸਾਰ ਤਾਂ ਫਿਰ ਭਗਤ ਕਬੀਰ ਜੀ ਤਥਾ ਗੁਰੂ ਤੇਗ ਬਹਾਦਰ ਜੀ ਨੇ ਜਮ ਦਾ ਡਰ ਐਵੇਂ ਮਨੋ-ਕਲਪਤ ਹੀ ਵਰਨਣ ਕੀਤਾ ਹੈ । ਜਿਵੇਂ :–

ਕਬੀਰ ਜਮ ਕਾ ਠੇਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ॥
ਏਕੁ ਜੁ ਸਾਧੂ ਮੋਹਿ ਮਿਲਿਓ ਤਿਨਿ੍ ਲੀਆ ਅੰਚਲਿ ਲਾਇ ॥੭੮॥ (ਪੰਨਾ ੧੩੬੮)
ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥
ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾਨਿਧਿ ਤੇਰੀ ॥

ਜੈਤਸਰੀ ਮ: ੯, ਪੰਨਾ ੭੦੩

ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥੧॥ (੨)

ਸੁਖਮਨੀ ਮ: ੫, ਪੰਨਾ ੨੬੪

ਸੁਰਤਿ ਗਈ ਕਾਲੀ ਹੂ ਧਉਲੇ ਕਿਸੈ ਨ ਭਾਵੈ ਰਖਿਓ ਘਰੇ ॥
ਬਿਸਰਤ ਨਾਮ ਐਸੇ ਦੋਖ ਲਾਗਹਿ **ਜਮੁ ਮਾਰਿ ਸਮਾਰੇ ਨਰਕਿ ਖਰੇ** ॥੮॥ (ਪੰਨਾ ੧੦੧੪)
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮਪੁਰਿ ਬਾਧਾ ॥(੨੪੦)
ਨਾਮਿ ਲਗੇ ਸੇ ਊਬਰੇ ਬਿਨੁ ਨਾਵੈ **ਜਮਪੁਰਿ ਜਾਹਿ** ॥੨੪॥ (੧੪੧੫)
ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ ॥
ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ ॥੯॥

ਮਾਰੂ ਮਹਲਾ ੧, ਪੰਨਾ ੧੦੨੬

ਅਗਸਤ ੮੧ ਦੇ ਗੁਰਮਤਿ ਪ੍ਰਕਾਸ਼ ਦੇ ਸਫ਼ਾ ੨੦ ਤੇ,ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਲਿਖਿਆ ਹੈ:–

ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥ ਪਰਸਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ (੯੫੩)

ਇਹ ਸਾਰਾ ਸ਼ਬਦ (ਜੋ ਰਾਮਕਲੀ ਦੀ ਵਾਰ ਵਿਚ ਸਲੋਕ ਹੈ) ਤਾਂ ਇਥੇ ਨਹੀਂ ਲਿਖਿਆ ਜਾਂਦਾ । ਇਹ ਸਾਰਾ ਸ਼ਬਦ ਵਿਆਖਿਆ ਸਹਿਤ ਅਗਲੇ ਲੇਖ ਵਿਚ ਲਿਖ ਦਿਤਾ ਜਾਵੇਗਾ । ਇਹ ਸ਼ਬਦ ਲਿਖ ਕੇ ਵਿਦਵਾਨ ਡਾਕਟਰ ਸਾਹਿਬ **ਜੀ ਲਿਖਦੇ** ਹਨ, "ਇਹਨਾਂ ਅਤੇ ਹੋਰ ਸ਼ਬਦਾਂ ਵਿਚ ਬਹੁਤ ਸਾਰੀਆਂ ਪੁਰਾਣਕ ਕਥਾਵਾਂ ਦਾ ਵਰਨਣ ਹੈ । ਇਹਨਾਂ ਕਥਾਵਾਂ ਦੀ ਸਚਾਈ ਨੂੰ ਗੁਰਮਤਿ ਨਹੀਂ ਮੰਨਦੀ। ਸੋ ਇਹਨਾਂ ਵਿਦਵਾਨਾਂ ਅਨੁਸਾਰ ਇਹ ਪੁਰਾਣਕ ਸੰਕੇਤ ਝੂਠੇ ਹਨ ਤਾਂ ਫਿਰ ਇਸ ਵਿਚ ਦਸੇ ਗਏ ਵਿਅਕਤੀ ਵੀ ਮਨੋ-ਕਲਪਤ ਹੋਏ । ਤਾਂ ਫਿਰ ਉਨ੍ਹਾਂ ਦਾ ਰੋਣਾ (ਦੁਖੀ ਹੋਣਾ) ਜੋ ਇਸ ਸ਼ਬਦ ਵਿਚ ਲਿਖਿਆ ਗਿਆ ਹੈ, ਉਹ ਕਿਵੇਂ ਇਸ ਨੂੰ ਸਹੀ ਕਰਾਰ ਦੇਣਗੇ । ਤੇ ਉਨ੍ਹਾਂ ਅਨੁਸਾਰ ਝੂਠੀਆਂ ਕਥਾਵਾਂ ਦੇ ਅਧਾਰ ਤੇ ਕਢੇ ਨਿਰਣੇ ਵੀ ਤਾਂ ਫਿਰ ਝੂਠੇ ਹੀ ਸਮਝਣੇ ਪੈਣਗੇ । ਪਰ ਉਹ ਇਨ੍ਹਾਂ ਕਥਾਵਾਂ ਦੇ ਅਧਾਰ ਤੇ ਨਿਕਲੇ ਨਿਰਣਿਆਂ ਨੂੰ ਤਾਂ ਸੱਚੇ ਅਤੇ ਗੁਰ-ਉਪਦੇਸ਼ ਸ਼ਮਝਣੇ ਹਨ, ਪਰ ਇਨ੍ਹਾਂ ਕਥਾਵਾਂ ਦੇ ਸੰਕੇਤਾਂ ਨੂੰ ਸੱਚ ਮੰਨਣ **ਲਈ** ਤਿਆਰ ਨਹੀਂ ਹੁੰਦੇ । ਸੋ ਉਨ੍ਹਾਂ ਦੀ ਇਹ ਦੋ-ਰੁਖ਼ੀ ਵਾਲੀ ਗੱਲ ਦਲੀਲ ਤੇ ਵੀ ਨਹੀਂ ਢੁਕਦੀ।

ਇਸ ਲਈ ਗੁਰਸਿੱਖ ਸ਼ਰਧਾਲੂਆਂ ਲਈ ਤਾਂ ਇਹੋ ਉਚਿੱਤ ਹੈ ਕਿ ਉਹ ਗੁਰਬਾਣੀ ਦੇ ਅੱਖਰ ਅੱਖਰ ਨੂੰ ਸਤਿ ਕਰ ਕੇ ਮੰਨਣ । ਗੁਰਬਾਣੀ ਵਿਚ ਕਿਸੇ ਕੱਚੇ, ਮਨੋ-ਕਲਪਿਤ, ਮਨਘੜਤ ਕਥਨ ਦਾ ਰਲਾ ਸਮਝਣਾ ਭਾਰੀ ਭੁਲ ਹੈ । ਇਸ ਲਈ ਦ੍ਰਿੜ੍ਹ ਕਰ ਕੇ ਪੱਲੇ ਬੰਨ੍ਹਣ ਵਾਲੀ ਗੱਲ ਹੈ ਕਿ :–

ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥੭॥ [ਸੋਰਠਿ ਮ: ੩, ਪੰਨਾ ੬੩੮



www.AKJ.Org

# ਚੋਜੀ ਖੜਗੇਸ਼ ਪਿਤਾ ਤੇ ਸੈਦ ਖ਼ਾਂ

ਵਲੋਂ—ਸ: ਮਨਮੋਹਨ ਸਿੰਘ ਬੱਲ, ਪਿੰਡ ਬੈਂਸ (ਨਵਾਂ ਸ਼ਹਿਰ)

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥

[ਬਚਿਤਰ ਨਾਟਕ, ਧਿਆਇ ੬

ਚੋਜੀ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਸ ਸਮੇਂ ਹੋਇਆ ਜਦੋਂ ਜ਼ੋਰੋ ਜ਼ੁਲਮ ਜ਼ੋਰਾਂ ਤੇ ਸੀ । ਅਕਾਲ ਪੁਰਖ ਨੇ ਦਸਮੇਸ਼ ਪਾਤਸ਼ਾਹ ਨੂੰ "ਧਰਮ ਚਲਾਵਨ, ਸੰਤ ਉਬਾਰਨ" ਅਤੇ "ਦੁਸ਼ਟ ਸਭਨ ਕੋ ਮੂਲ ਉਪਾਰਨ" ਲਈ ਇਸ ਜਗਤ ਤੇ ਭੇਜਿਆ, ਦੁਸ਼ਟਾਂ ਦੀ ਜੜ੍ਹ ਮੇਖ ਪੁਟਣ ਅਤੇ ਆਪਣੇ ਸੰਤਾਂ ਭਗਤਾਂ ਦੀ ਰਖਿਆ ਕਰਨ ਲਈ ਭੇਜਿਆ । ਜਿਥੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਉਤੇ ਅਤਿ ਦਰਜੇ ਦੇ ਜ਼ੋਰੋ ਜ਼ੁਲਮ ਹੁੰਦੇ ਵੇਖ ਕੇ ਅਤੇ ਕਸ਼ਮੀਰੀ ਪੰਡਤਾਂ ਦੀ ਦਾਦ ਫ਼ਰਿਆਦ ਸੁਣ ਕੇ, ਪੂਰਨ ਸ਼ਾਂਤਮਈ ਨਾਲ ਆਪਣੀ ਜਾਨ ਦੀ ਬਲੀ ਦਿਤੀ ਉਥੇ ਦਸਮੇਸ਼ ਪਿਤਾ ਜੀ ਨੇ ਭੂਤਰੇ ਹੋਏ ਜ਼ਾਲਮਾਂ ਦੀ ਮਤਿ ਟਿਕਾਣੇ ਕਰਨ ਲਈ ਚੰਡੀ (ਸ੍ਰੀ ਸਾਹਿਬ) ਪ੍ਰਚੰਡ ਕੀਤੀ, ਆਪਣੇ ਸਿਖਾਂ ਨੂੰ ਚੰਡੀ ਪਕੜਾਈ ਅਤੇ ਜਿਥੇ ਕਿਤੇ ਲੋੜ ਪਈ, ਚੰਡੀ ਨਾਲ ਜ਼ਾਲਮਾਂ ਦੀ ਐਸੀ ਸੁਧਾਈ ਕੀਤੀ ਕਿ ਦੁਸ਼ਟਾਂ ਦੋਖੀਆਂ ਦੀਆਂ ਸੱਥਾਂ ਵਿਚ ਭਾਜੜਾਂ ਪੈ ਗਈਆਂ ।

ਦੁਸ਼ਟ-ਦਮਨ ਪਿਤਾ ਜੀ ਨੇ ੧੬੯੯ ਈਸਵੀ ਦੀ ਵੈਸਾਖੀ ਨੂੰ ਸ੍ਰੀ ਅਨੰਦਪੁਰ ਵਿਖੇ ਕੇਸਗੜ੍ਹ ਸਾਹਿਬ ਵਾਲੇ ਅਸਥਾਨ ਤੇ ਸਿਖਾਂ-ਸੇਵਕਾਂ ਦਾ ਭਾਰੀ ਇਕੱਠ ਕੀਤਾ ਅਤੇ ਉਸ ਭਾਰੀ ਦੀਵਾਨ ਵਿਚੋਂ ਪੰਜਾਂ ਮਰਜੀਵੜਿਆਂ ਨੂੰ ਚੰਡੀ ਦੀ ਧਾਰ ਨਾਲ ਪਰਖ ਕੇ, ਅੰਮ੍ਰਿਤ ਛਕਾ ਕੇ ਸੁਰਜੀਤ ਕੀਤਾ । ਇਉਂ ਪੰਜਾਂ ਪਿਆਰਿਆਂ ਦੀ ਸਿਰਜਨਾ ਕਰ ਕੇ ਸੂਰਬੀਰ ਖਾਲਸੇ ਦੀ ਸਾਜਨਾ ਕੀਤੀ । ਖਾਲਸੇ ਨੂੰ ਨਾਮ ਬਾਣੀ ਦੀ ਸੰਜੀਵਨੀ ਬੂਟੀ ਦੇ ਨਾਲ ਖੰਡੇ ਦੀ ਗੁੜ੍ਹਤੀ ਦੇ ਕੇ ਨਿਰਭਉ ਤੇ ਨਿਰਵੈਰ ਬਣਾ ਦਿਤਾ ।

ਸਤਿਗੁਰਾਂ ਦਾ ਹਿੰਦੂਆਂ ਜਾਂ ਮੁਸਲਮਾਨਾਂ ਕਿਸੇ ਨਾਲ ਕੋਈ ਵੈਰ ਨਹੀਂ ਸੀ । ਜ਼ਾਲਮਾਂ ਦੁਸ਼ਟਾਂ ਦੋਖੀਆਂ ਨੂੰ ਜਾਨੋਂ ਮਾਰਨਾ ਵੀ ਉਨ੍ਹਾਂ ਦਾ ਨਿਸ਼ਾਨਾ ਨਹੀਂ ਸੀ, ਸਗੋਂ ਉਨ੍ਹਾਂ ਦੇ ਅੰਦਰ ਜੋ ਦੁਸ਼ਟਤਾਈ ਦੀ ਰੂਹ ਸੀ, ਉਸ ਨੂੰ ਸੋਧਣਾ ਪਰਬੋਧਣਾ ਉਹ ਆਪਣਾ ਧਰਮ ਸਮਝਦੇ ਸਨ । ਭੰਗਾਣੀ ਦੇ ਜੁਧ ਵਿਚ ਹੰਕਾਰੀ ਹਿੰਦੂ ਰਾਜੇ ਇਕੱਠੇ ਹੋ ਕੇ ਬਦੋ ਬਦੀ ਗੁਰੂ ਪਾਤਸ਼ਾਹ ਤੇ ਚੜ੍ਹਾਈ ਕਰ ਕੇ ਆ ਪਏ, ਪਰ ਸਾਹਿਬਾਂ ਨੇ ਆਪਣੇ ਸਿਖਾਂ ਸੇਵਕਾਂ ਦੇ ਸੰਗ ਸਾਥ ਐਸੀ ਚੰਡੀ ਖੜਕਾਈ, ਐਸੀ ਤੀਰਾਂ ਦੀ ਵਰਖਾ ਕੀਤੀ ਕਿ ਬੜੇ ਬੜੇ ਬਲੀ ਤੇ ਨਾਢੂਖ਼ਾਂ ਸਦਾਂਦੇ ਹਿੰਦੂ ਰਾਜਿਆਂ ਦੀ ਆਕੜ ਭਜ ਗਈ, ਕਈ ਤਾਂ ਥਾਂ ਤੇ ਹੀ ਚਿਤ ਹੋ ਗਏ ਅਤੇ ਬਾਕੀ ਦੁੰਮ ਦਬਾ ਕੇ ਭਜ ਗਏ । ਇਸੇ ਭੰਗਾਣੀ ਦੇ ਜੁੱਧ ਵਿਚ ਹੀ ਮੁਸਲਮਾਨਾਂ ਦਾ ਪੀਰ ਬੁੱਧੂ ਸ਼ਾਹ ਗੁਰੂ ਚਰਨਾਂ ਦਾ ਆਸ਼ਕ, ਆਪਣੇ ਚਾਰੇ ਪੁਤਰਾਂ ਅਤੇ ਪੰਜ ਸੌ ਮੁਰੀਦਾਂ ਸਮੇਤ ਹਾਜ਼ਰ ਹੋਇਆ ਅਤੇ ਗੁਰੂ ਪਾਤਸ਼ਾਹ ਦੇ ਚਰਨਾਂ ਤੋਂ ਆਪਣੇ ਦੋ ਬੇਟੇ ਅਤੇ ਸੈਂਕੜੇ ਮੁਰੀਦ ਕੁਰਬਾਨ ਕਰ ਕੇ ਕਲਗੀਧਰ ਜੀ ਦੀਆਂ ਅਪਾਰ ਖੁਸ਼ੀਆਂ ਪ੍ਰਾਪਤ ਕੀਤੀਆਂ ।

ਪੀਰ ਬੁੱਧੂ ਸ਼ਾਹ ਜੀ ਸੈਦ ਖ਼ਾਂ ਪਠਾਣ ਦੇ ਬਹਿਨੋਈ ਸਨ । ਸੈਦ ਖ਼ਾਂ ਸੂਰਬੀਰ ਜੋਧਾ ਸੀ ਅਤੇ ਔਰੰਗਜ਼ੇਬ ਦੀਆਂ ਫ਼ੌਜਾਂ ਦਾ ਸੈਨਾਪਤੀ ਸੀ । ਔਰੰਗਜ਼ੇਬ ਨੂੰ ਇਸ ਦੀ ਬਹਾਦਰੀ ਦਾ ਮਾਣ ਸੀ । ਸੈਦ ਖ਼ਾਂ ਨੂੰ ਅਨੰਦਪੁਰ ਸਾਹਿਬ ਵਿਖੇ ਖਾਲਸਾ ਫੌਜਾਂ ਨੂੰ ਸੋਧਣ ਲਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਫ਼ਤਹ ਹਾਸਲ ਕਰਨ ਲਈ ਦਸ ਹਜ਼ਾਰ ਫੌਜ ਦੇ ਕੇ ਤੋਰਿਆ ਗਿਆ । ਸੈਦ ਖ਼ਾਂ ਮਾਰੋ ਮਾਰ ਕਰਦਾ, ਅਥਾਹ ਲਸ਼ਕਰ ਨੂੰ ਲੈ ਕੇ, ਮੰਜ਼ਲਾਂ ਮਾਰਦਾ (ਪੜਾਅ ਕਰਦਾ) ਅਨੰਦਪੁਰ ਸਾਹਿਬ ਨੂੰ ਆ ਘੇਰਦਾ ਹੈ । ਰਸਤੇ ਵਿਚ ਸਢੌਰੇ ਉਸ ਦੀ ਭੈਣ ਉਸ ਨੂੰ



www.AKJ.Org

ਗੁਰੂ ਸਾਹਿਬ ਤੇ ਚੜ੍ਹਾਈ ਕਰਨ ਤੋਂ ਰੋਕਦੀ ਹੈ। ਉਹ ਦਸਦੀ ਹੈ ਕਿ ਉਹ ਮਹਾਂ ਬਲੀ ਹੈ, ਉਹ ਅੱਲਾ ਦਾ ਭੇਜਿਆ ਹੋਇਆ ਵਲੀ ਹੈ, ਉਹ ਮਹਾਨ ਆਭਾ ਵਾਲਾ ਕਰਾਮਾਤੀ ਪੁਰਸ਼ ਹੈ,ਉਹ ਹਰ ਇਕ ਦੇ ਦਿਲ ਦੀ ਜਾਨਣ ਵਾਲਾ ਹੈ। ਭਾਈ ਜਾਨ, ਉਸ ਦੇ ਸਾਹਮਣੇ ਤੇਰੀ ਪੇਸ਼ ਨਹੀਂ ਜਾਣੀ। ਪਰ ਆਪਣੇ ਬਾਹੂ-ਬਲ ਦੇ ਮਾਣ ਵਿਚ ਮਤੇ ਹੋਏ ਸੈਦ ਖ਼ਾਂ ਨੂੰ ਭੈਣ ਦੀ ਸਿਖਿਆ ਪੋਹੀ ਨਾ, ਅਤੇ ਉਹ ਕਲਗੀਧਰ ਪਾਤਸ਼ਾਹ ਦੀਆਂ ਫੌਜਾਂ ਦੇ ਸਾਹਮਣੇ ਆ ਕੇ ਡਟ ਗਿਆ। ਭੈਣ ਦੀ ਮਿਲਣੀ ਤੇ ਉਸ ਦੀ ਨਸੀਹਤ ਨੇ ਇਸ ਦੇ ਖ਼ਿਆਲਾਂ ਵਿਚ ਹਲਚਲ ਮਚਾ ਦਿਤੀ ਹੋਈ ਸੀ।

ਲੜਾਈ ਸ਼ੁਰੂ ਹੋ ਗਈ। ਇਕ ਪਾਸੇ ਸੈਨਾਪਤੀ ਸੈਦ ਖ਼ਾਂ ਆਪਣੀਆਂ ਫੌਜਾਂ ਦੀ ਅਗਵਾਈ ਕਰ ਰਿਹਾ ਸੀ ਅਤੇ ਦੂਜੇ ਪਾਸੇ ਕਲਗੀਧਰ ਪਾਤਸ਼ਾਹ ਆਪ ਖ਼ੁਦ ਸਿੰਘਾਂ ਦਾ ਹੌਸਲਾ ਵਧਾ ਰਹੇ ਸਨ। ਸੈਦ ਖ਼ਾਂ ਦੇ ਮਨ ਵਿਚ ਕਲਗੀਧਰ ਪਾਤਸ਼ਾਹ ਪ੍ਰਤੀ ਫੁਰਨਾ ਆਇਆ ਕਿ ਜੇ ਤੂੰ ਸਚਮੁਚ ਹਰ ਇਕ ਦੇ ਦਿਲ ਦੀ ਜਾਣਨ ਵਾਲਾ ਹੈਂ ਤਾਂ ਮੇਰੀ ਭਾਵਨਾ ਪੂਰੀ ਕਰ। ਅਸੀਂ ਦੋਵੇਂ ਫੌਜ ਦੇ ਜਰਨੈਲ ਹਾਂ। ਤੂੰ ਮੇਰੇ ਕੋਲ ਆ ਤੇ ਮੇਰੇ ਨਾਲ ਮੈਦਾਨ ਵਿਚ ਹੀ ਲੜਾਈ ਕਰ। ਜਿਹੜਾ ਹਾਰ ਜਾਵੇ ਉਹ ਜਿਤੇ ਹੋਏ ਦਾ ਬੰਦੀਵਾਨ ਬਣ ਜਾਵੇਗਾ। ਪਠਾਣ ਨੂੰ ਆਪਣੀ ਜਵਾਨੀ ਅਤੇ ਬਹਾਦਰੀ ਉਪਰ ਪੂਰਾ ਘੁਮੰਡ ਸੀ। ਸੈਦ ਖ਼ਾਂ ਦੇ ਮਨ ਦੀ ਤਾਰ ਗੁਰੂ ਪਾਤਸ਼ਾਹ ਦੇ ਹਿਰਦੇ ਵਿਚ ਖੜਕ ਗਈ। ਉਸੇ ਵੇਲੇ ਆਪਣੇ ਘੋੜੇ ਤੇ ਸਵਾਰ, ਦੋਹਾਂ ਪਾਸਿਆਂ ਦੀਆਂ ਫੌਜਾਂ ਨੂੰ ਚੀਰਦੇ ਹੋਏ, ਦੁਸ਼ਮਣ ਦੇ ਸੈਨਾਪਤੀ ਦੇ ਸਾਹਮਣੇ ਆ ਲਲਕਾਰੇ; "ਖ਼ਾਨ, ਮੈਂ ਆ ਗਿਆ ਹਾਂ, ਆਪਣਾ ਆਪ ਸੰਭਾਲ ਅਤੇ ਪਹਿਲਾਂ ਆਪਣਾ ਵਾਰ ਕਰ ਲੈ; ਮਤੇ ਕੋਈ ਹਿਰਖ ਨਾ ਰਹਿ ਜਾਈ।" ਸੈਦ ਖ਼ਾਂ ਇਕ ਵਾਰ ਤਾਂ ਠਠੰਬਰ ਗਿਆ। ਫਿਰ ਆਪਣਾ ਤੀਰ ਕਮਾਨ ਸੰਭਾਲਿਆ ਅਤੇ ਸ਼ਿਸਤ ਬੰਨ੍ਹ ਕੇ ਚਿਲਾ ਚੜ੍ਹਾਣ ਲਗਾ ਤਾਂ ਗੁਰੂ ਪਾਤਸ਼ਾਹ ਦੇ ਜਾਹੋ ਜਲਾਲ ਭਰੇ ਚਿਹਰੇ ਵਲ ਤੱਕਿਆ, ਉਨ੍ਹਾਂ ਦੀਆਂ ਸੁੰਦਰ ਰਸੀਲੀਆਂ ਅੱਖਾਂ ਦੇ ਨਾਲ ਅੱਖਾਂ ਮਿਲਾਈਆਂ। ਅੱਖਾਂ ਕੀ ਮਿਲਾਈਆਂ, ਉਹ ਅੱਖਾਂ ਦੇ ਦਰਸ਼ਨਾਂ ਨਾਲ ਹੀ ਘਾਇਲ ਹੋ ਗਿਆ, ਉਨ੍ਹਾਂ ਸੁੰਦਰ ਅੱਖਾਂ ਨੇ ਅਜਿਹੇ ਖਿਚ ਕੇ ਪ੍ਰੇਮ ਦੇ ਬਾਣ ਮਾਰੇ ਕਿ ਉਸ ਦਾ ਹਿਰਦਾ ਵਿੰਨ੍ਹਿਆ ਗਿਆ। ਦਰਸ਼ਨ ਕਰ ਕੇ ਠੰਢਾ ਠਾਰ ਹੋ ਗਿਆ। ਘੋੜੇ ਤੋਂ ਇਕ-ਦਮ ਹੇਠਾਂ ਉਤਰ ਆਇਆ। ਇਸ ਵਿਚ ਭੀ ਨਿਰਾਦਰੀ ਸਮਝੀ ਕਿ ਮੈਂ ਇਸ ਪੀਰ ਦੇ ਮੁਕਾਬਲੇ ਵਿਚ ਘੋੜੇ ਉਤੇ ਕਿਉਂ ? ਬਸ ਉਸ ਦੀ ਫ਼ਿਰ ਉਹ ਦਸ਼ਾ ਬਣ ਗਈ ਜਿਵੇਂ ਗੁਰਬਾਣੀ ਫ਼ੁਰਮਾਉਂਦੀ ਹੈ–

ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ ਚਰਨ ਕਮਲ ਆਨੂਪ ॥
ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਹਾਵਉ ਧੂਪ ॥੧॥੪॥੮॥

[ਜੈਤਸਰੀ ਮ: ੫, ਪੰਨਾ ੭੦੧

ਸੱਚੇ ਪਾਤਸ਼ਾਹ ਦੀ ਚਰਨੀਂ ਲਗਣ ਲਈ ਅਗੇ ਵਧਦਾ ਹੈ ਤਾਂ ਸਾਹਿਬ ਫ਼ੁਰਮਾਂਦੇ ਹਨ, "ਸੈਦ ਖ਼ਾਂ, ਇਹ ਮੈਦਾਨਿ ਜੰਗ ਹੈ। ਮੈਂ ਤੇਰਾ ਇਰਾਦਾ ਵੇਖ ਕੇ ਸਾਰੀ ਫੌਜ ਨੂੰ ਚੀਰ ਕੇ ਤੇਰੇ ਕੋਲ ਪੁਜਾ ਹਾਂ, ਤੂੰ ਮੇਰੇ ਉਤੇ ਵਾਰ ਕਿਉਂ ਨਹੀਂ ਕਰਦਾ ?" ਸੱਚੇ ਸਾਈਂ ! ਮੈਨੂੰ ਇਹ ਨਹੀਂ ਸੀ ਪਤਾ ਕਿ ਤੇਰੀ ਨਜ਼ਰ ਦਾ ਵਾਰ ਇਤਨਾ ਤਿਖਾ ਹੈ ਕਿ ਜ਼ਖਮ ਦੀ ਥਾਂ ਮੇਰੇ ਸੀਨੇ ਦੀ ਬਲਦੀ ਅਗਨੀ ਨੂੰ ਸ਼ਾਂਤ ਕਰ ਦੇਵੇਗਾ। ਤੇਰੀ ਇਸ ਕੋਮਲ ਰਸ਼ਨਾ ਦੇ ਮਿੱਠੇ ਬਚਨਾਂ ਸਦਕਾ ਹੀ ਪੀਰ ਬੁੱਧੂ ਸ਼ਾਹ ਨੇ ਤੈਥੋਂ ਕੁਰਬਾਨ ਹੋ ਕੇ ਆਪਣੇ ਦੋ ਪੁੱਤਰ ਭੰਗਾਣੀ ਦੇ ਜੰਗ ਵਿਚ ਸ਼ਹੀਦ ਕਰਵਾ ਦਿਤੇ। ਮੇਰੇ ਉਹ ਭਾਣਜੇ ਸਨ। ਤੇਰੀ ਇਸ ਤਕਣੀ ਨੇ ਮੇਰਾ ਮਨ ਹੀ ਬਦਲ ਕੇ ਰਖ ਦਿਤਾ ਹੈ। ਪਾਤਸ਼ਾਹ ! ਮੈਂ ਪਾਪੀ ਨੇ ਆਪਣੀ ਭੈਣ ਦੀ ਸਿਖਿਆ ਨਾ ਗ੍ਰਹਿਣ ਕੀਤੀ। ਵਲੀ ਅਲਾਹ! ਮੈਨੂੰ ਬਖਸ਼ ਦਿਓ, ਮੈਨੂੰ ਮਾਫ਼ ਕਰ ਦੇ। ਉਸ ਦੀ ਵਿਲਕਣੀ ਵਿਚ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਦੇ ਭਾਵ ਲਰਜ਼ ਰਹੇ ਸਨ–

ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥
ਤੂੰ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥


www.AKJ.Org

ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥
ਜੋ ਤੇਰੀ ਸਰਣਾਗਤੀ ਤਿਨ ਲੇਹਿ ਛਡਾਈ ॥
ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥੨੦॥
[ਸੂਹੀ ਵਾਰ ਮ: ੩, ਪੰਨਾ ੭੯੨

ਮੈਂ ਤੇਰੀ ਵਡਿਆਈ ਕੀ ਕਰਾਂ, ਪਰ ਇਸ ਵਕਤ ਤੇਰੇ ਤੋਂ ਬਗੈਰ ਮੈਨੂੰ ਕੁਝ ਭੀ ਚੰਗਾ ਨਹੀਂ ਲਗਦਾ। ਪਾਤਸ਼ਾਹ, ਹੁਣ ਮੈਂ ਘਰ ਨਹੀਂ ਮੁੜਨਾ। ਮੈਨੂੰ ਪਤਾ ਲਗ ਗਿਐ ਕਿ ਤੂੰ ਹੀ ਅਗਲੀ ਦਰਗਾਹ ਵਿਚ ਵੀ ਮੇਰਾ ਸਹਾਈ ਹੋਵੇਂਗਾ, ਮੈਨੂੰ ਅਜ਼ਰਾਈਲ ਫਰੇਸ਼ਤੇ ਦੀ ਮਾਰ ਤੋਂ ਵੀ ਬਚਾ ਲਵੇਂਗਾ।

ਕਲਗੀਧਰ ਪਿਤਾ ਜੀ ਨੇ ਸੈਦ ਖਾਂ ਨੂੰ ਆਪਣੀ ਛਾਤੀ ਨਾਲ ਲਾ ਲਿਆ ਅਤੇ ਐਸਾ ਪਿਆਰ ਬਖਸ਼ਿਆ ਕਿ ਉਹ ਚਰਨਾਂ ਨਾਲ ਲਿਪਟ ਗਿਆ। ਗੁਰੂ ਪਾਤਸ਼ਾਹ ਨੇ ਉਸ ਨੂੰ ਆਪਣਾ ਮੁਰੀਦ ਬਣਾ ਲਿਆ ਅਤੇ ਫੁਰਮਾਇਆ, "ਸੈਦ ਖ਼ਾਂ! ਇਹ ਗੁਰੂ ਨਾਨਕ ਦਾ ਦਰ ਹੈ। ਇਸ ਘਰ ਵਿਚ ਜਿਹੋ ਜਿਹੀ ਭਾਵਨਾ ਲੈ ਕੇ ਕੋਈ ਆਵੇਗਾ, ਉਹ ਪੂਰੀ ਹੋਵੇਗੀ। ਤੂੰ ਸਾਡੇ ਨਾਲ ਜੰਗ ਕਰਨ ਆਇਆ ਸੀ, ਅਸੀਂ ਤੇਰੇ ਕੋਲ ਆ ਗਏ। ਪਰ ਅਕਾਲ ਪੁਰਖ ਨੇ ਤੇਰਾ ਹਿਰਦਾ ਬਦਲ ਦਿਤਾ, ਅਸੀਂ ਤੇਰੇ ਜਨਮ ਮਰਨ ਦੇ ਫਾਹੇ ਕਟ ਦਿਤੇ। ਗੁਰੂ ਘਰ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ; ਸਗੋਂ—

ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿਆਈ ॥੨॥੮॥ [ਕਾਨੜਾ ਮ: ੫, ਪੰਨਾ ੧੨੯੯

---

# ਕਲਗੀ ਵਾਲੇ ਪਿਆਰੇ ਮਾਹੀ ! ਤੇਰੇ ਨਾਮ ਦੀ ਦੁਹਾਈ

[ਗਿ:ਹਜ਼ਾਰਾ ਸਿੰਘ ਜੀ, ਡੀ.ਐਸ.ਪੀ. ਰੀਟਾਇਰਡ, ਗੁਰਦਾਸਪੁਰ]

ਪੁਰੀ ਅਨੰਦ ਦੇ ਵਾਸੀ ਮਾਹੀ ! ਤੇਰੇ ਨਾਮ ਦੀ ਦੁਹਾਈ !!
ਦੁਖੀਆਂ ਦੀਨਾਂ ਦੇ ਸਹਾਈ ! ਅਸਾਂ ਤੇਰੀ ਟੇਕ ਟਿਕਾਈ !!
ਹੋਰ ਆਸ ਵਿਡਾਣੀ ਲਾਹੀ ! ਸਾਡਾ ਆਪੇ ਹੋ ਸਹਾਈ !!
ਹਿਰਦੇ ਸ਼ਰਧਾ ਸੇਜ,ਵਿਛਾਈ ! ਰਾਵਣ ਆ ਜਾ ਪਿਆਰੇ ਮਾਹੀ,ਤੇਰੇ ਨਾਮ ਦੀ ਦੁਹਾਈ।੧।
ਆ ਜਾ, ਆ ਜਾ,ਮਾਹੀ ਆ ਜਾ ! ਮਨ ਤਨ ਦੀ ਤਪਤ ਬੁਝਾ ਜਾ !!
ਮੇਰੇ ਠੰਢ ਕਲੇਜੇ ਪਾ ਜਾ ! ਕਲਗੀ ਦੀ ਝਲਕ ਦਿਖਾ ਜਾ !!
ਕਦੀ ਆ ਜਾ, ਫੇਰੀ ਪਾ ਜਾ!ਆ ਜਾ,ਆ ਜਾ, ਮਾਹੀ ਆ ਜਾ!! ਤੇਰੇ ਨਾਮ ਦੀ ਦੁਹਾਈ।੨।
ਬੰਕੇ ਨੀਲੇ ਦੇ ਅਸਵਾਰਾ ! ਸਭ ਜਗ ਤੇਰਾ ਵਣਜਾਰਾ !!
ਤੇਰਾ ਖਾਲਸਾ ਪੰਥ ਨਿਆਰਾ ! ਜਿਸ ਤੇਜ ਦਿਤਾ ਤੂੰ ਸਾਰਾ !!
ਦੇਖੇ ਨਾ ਸੰਕਟ ਦੁਆਰਾ ! ਸਾਨੂੰ ਤੇਰਾ ਏਕ ਸਹਾਰਾ !!
ਲਗਦਾ ਪਿਆ ਪਿਆਰਾ ਪਿਆਰਾ!!ਸਤਿ ਸ੍ਰੀ ਅਕਾਲ ਜੈਕਾਰਾ !!
ਆ ਜਾ, ਆ ਜਾ ਮਾਹੀ ਆ ਜਾ !!..................ਤੇਰੇ ਨਾਮ ਦੀ ਦੁਹਾਈ।੩।
ਤੇਰਾ ਦਿਤਾ ਸਬਕ ਪਕਾਉਣਾ, ਕਿਸੇ ਤੋਂ ਡਰਨਾ ਨਾ ਕਿਸੇ ਡਰਾਉਣਾ।
ਮਨ ਤੋਂ ਮਾਇਆ ਮੋਹ ਚੁਕਾਉਣਾ, ਤੇਰੇ ਰਾਤ ਦਿਨਸ ਗੁਣ ਗਾਉਣਾ।
ਤੇਰੀ ਖ਼ਲਕ ਦੀ ਸੇਵ ਕਮਾਉਣਾ, ਪਾਪ-ਪਹਾੜਾਂ ਨਾਲ ਟਕਰਾਉਣਾ।
ਕਲਗੀ ਵਾਲੇ ਪਿਆਰੇ ਮਾਹੀ, ਤੇਰੇ ਨਾਮ ਦੀ ਦੁਹਾਈ !! ਆ ਜਾ, ਆ ਜਾ......।੪।



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

[ਕਿਸ਼ਤ ੩੬ਵੀਂ, ਲੜੀ ਜੋੜਨ ਲਈ ਵੇਖੋ 'ਸੂਰਾ' ਨਵੰਬਰ ੧੯੮੧]

[ਵਲੋਂ—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

## ਸਿੰਘਾਂ ਦੀ ਪੋਜ਼ੀਸ਼ਨ–

ਅਹਿਮਦ ਸ਼ਾਹ ਜਦ ਲਾਹੌਰ ਵਿਖੇ ਬੈਠ ਕੇ ਸਿੰਘਾਂ ਨੂੰ ਚੰਗੀ ਤਰ੍ਹਾਂ ਨਿਸਲ ਕਰਨ ਲਈ ਆਪਣੀ ਵਿਉਂਤ-ਬੰਦੀ ਕਰ ਤੇ ਬਾਨ੍ਹਣੂ ਬੰਨ੍ਹ ਰਿਹਾ ਸੀ ਤਾਂ ਦੂਜੇ ਪਾਸੇ ਸਿੰਘ ਵੀ ਆਪਣੇ ਵਸੀਲਿਆਂ ਤੇ ਤਾਕਤ ਨੂੰ ਸਿਆਣਪ ਤੇ ਸੁਚੱਜੇ ਢੰਗ ਨਾਲ ਵਰਤ ਕੇ ਉਸ ਨੂੰ ਐਸੇ ਦਾਅ-ਪੇਚ ਵਿਚ ਲਿਆ ਕੇ ਇਕ ਕਰਾਰੀ ਸੱਟ ਮਾਰਨ ਦੀ ਸੋਚ ਰਹੇ ਸਨ ਜਿਸ ਨੂੰ ਖਾ ਕੇ ਉਹ ਪੰਜਾਬ ਵਿਚ ਖਲੋ ਨ ਸਕੇ। ਲਾਹੌਰ ਉਨ੍ਹਾਂ ਸਿਰਫ ਇਸ ਲਈ ਛਡਿਆ ਸੀ ਕਿ ਉਹ ਕੋਈ ਚੰਗਾ ਜੰਗੀ ਪੈਂਤੜਾ ਲੈ ਸਕਣ। ਲਾਹੌਰ ਇਕ ਤਕੜਾ ਮੁਸਲਮਾਨੀ ਵਸੋਂ ਵਾਲਾ ਸ਼ਹਿਰ ਸੀ। ਇਹੋ ਜਿਹੇ ਪਾਤਸ਼ਾਹ ਨਾਲ, ਜੋ ਧਰਮ-ਰਖਿਅਕ ਅਖਵਾਉਂਦਾ ਹੋਵੇ, ਲੜਾਈ ਵੇਲੇ, ਇਸ ਵਸੋਂ ਦਾ ਭੋਰਾ ਮਾਸਾ ਵੀ ਵਸਾਹ ਨਹੀਂ ਸੀ ਕੀਤਾ ਜਾ ਸਕਦਾ। ਸੋ ਲਾਹੌਰ ਵਿਚ ਬੈਠ ਕੇ ਦੁਰਾਨੀ ਪਾਤਸ਼ਾਹ ਨਾਲ ਲੜਨਾ ਨਾ ਸੌਖਾ ਸੀ ਤੇ ਨਾ ਸਿਆਣਪ ਹੀ ਸੀ। ਉਹ ਉਸ ਨਾਲ ਬਾਹਰ ਜੰਗਲਾਂ ਤੇ ਮੈਦਾਨਾਂ ਵਿਚ ਸਿਝਣਾ ਚਾਹੁੰਦੇ ਸਨ, ਜਿਥੇ ਦੁਨੀਆ ਦੀ ਕੋਈ ਤਾਕਤ ਉਨ੍ਹਾਂ ਨੂੰ ਘੇਰੇ ਵਿਚ ਨਹੀਂ ਸੀ ਲਿਆ ਸਕਦੀ। ਉਹ ਇਨ੍ਹਾਂ ਟਿਕਾਣਿਆਂ ਤੇ ਪਿਛੇ ਹਟ ਗਏ। ਸ: ਜੱਸਾ ਸਿੰਘ ਆਹਲੂਵਾਲੀਆ, ਸ: ਚੜ੍ਹਤ ਸਿੰਘ ਸ਼ੁਕਰਚਕੀਆ ਤੇ ਸ: ਹੀਰਾ ਸਿੰਘ ੨੦ ਹਜ਼ਾਰ ਘੋੜ-ਸਵਾਰ ਲੈ ਕੇ ੪੦-੪੨ ਮੀਲ ਲਾਹੌਰੋਂ ਦੂਰ ਪਿੰਡ ਕਲਸੀਆਂ ਵਿਚ ਬੈਠ ਗਏ। ਸ: ਤਾਰਾ ਸਿੰਘ ਤੇ ਸ: ਖੁਸ਼ਹਾਲ ਸਿੰਘ ੬ ਹਜ਼ਾਰ ਘੋੜ-ਚੜ੍ਹੇ ਲੈ ਕੇ ਤਾਰਾ ਗੜ੍ਹ, ਜੋ ਨਿਛਲੇ ਤੋਂ ਪੰਜ ਕੁ ਮੀਲਾਂ ਉਤੇ ਅਤੇ ਸ਼ਾਹ ਦੇ ਕੈਂਪ ਤੋਂ ੨੦ ਕੁ ਮੀਲ ਦੀ ਦੂਰੀ ਤੇ ਸੀ, ਵਿਖੇ ਜਾ ਡਟੇ। ਸ਼ਾਹ ਦੀ ਫੌਜੀ ਹਿਲ-ਜੁਲ ਦੀ ਇਨ੍ਹਾਂ ਪੂਰੀ ਸੂਹ ਰਖੀ; ਤਾਕਿ ਜਦ ਵੀ ਦਾਅ ਭਰੇ, ਬਾਜ਼ ਵਾਂਗ ਝਪਟਾ ਮਾਰਿਆ ਜਾਵੇ। ਅਬਦਾਲੀ ਵੀ ਕੋਈ ਕਚੀਆਂ ਗੋਲੀਆਂ ਨਹੀਂ ਸੀ ਖੇਡਿਆ ਹੋਇਆ। ਉਹ ਆਪਣੀ ਚਾਲ ਉਤੇ ਚੱਲ ਰਿਹਾ ਸੀ। ਸਥਿਤੀ ਉਹੋ ਸੀ ਜੋ ਸ਼ਿਕਾਰੀ ਤੇ ਸ਼ੇਰ ਵਿਚਕਾਰ ਹੋਵੇ। ਦੋਵੇਂ ਹੀ ਇਕ ਦੂਜੇ ਨੂੰ ਚਿਤ ਕਰਨਾ ਚਾਹੁੰਦੇ ਸਨ।

ਸਿਖਾਂ ਨੂੰ ਕਰੜੇ ਹੱਥੀਂ ਲੈ ਕੇ ਉਨ੍ਹਾਂ ਦਾ ਤਲਾ-ਮੂਲ ਪੁਟ ਦੇਣ ਦੇ ਇਰਾਦੇ ਦੀ ਪੂਰਤੀ ਲਈ, ਉਸ ਨੇ ਬੜੀ ਜ਼ਬਰਦਸਤ ਤਿਆਰੀ ਕੀਤੀ। ਇਸ ਕੰਮ ਲਈ ਬੜੀ ਤੇਜ਼-ਰਫ਼ਤਾਰੀ ਦੀ ਲੋੜ ਸੀ, ਇਸ ਲਈ ਉਸ ਨੇ ਆਪਣਾ ਸਾਰਾ ਭਾਰਾ ਮਾਲ ਅਸਬਾਬ, ਜੋ ਤੇਜ਼-ਰਫ਼ਤਾਰੀ ਵਿਚ ਰੁਕਾਵਟ ਬਣ ਸਕਦਾ ਸੀ, ਲਾਹੌਰ ਹੀ ਛੱਡ ਦਿਤਾ। ਉਹ ਸਿਪਾਹੀ ਤੇ ਹੋਰ ਨੌਕਰ ਚਾਕਰ, ਜੋ ਇਸ ਲੜਾਈ ਦੇ ਕਾਬਲ ਨਹੀਂ ਸਨ, ਲਾਹੌਰ ਹੀ ਰਹਿਣ ਦਿਤੇ। ਉਸ ਨੇ ਅੱਠਾਂ ਦਿਨਾਂ ਲਈ ਰਸਦ ਤੇ ਦਾਰੂ ਸ਼ਿੱਕਾ ਲੈ ਕੇ ੫੦੦੦੦ (ਪੰਜਾਹ ਹਜ਼ਾਰ) ਚੋਣਵੇਂ ਘੋੜ-ਸੁਆਰ, ਛੋਟੀਆਂ ਤੋਪਾਂ, ਜੋ ਊਠਾਂ ਉਤੇ ਫਿਟ ਸਨ ਤੇ ੭੦੦੦ (ਸੱਤ ਹਜ਼ਾਰ) ਜਜ਼ਾਇਰਾਂ* ਲੈ ਕੇ ਤਿਆਰ ਰਹਿਣ ਦਾ ਹੁਕਮ ਦਿਤਾ। ਇਨ੍ਹਾਂ ਨੂੰ ਆਪਣੇ ਕੈਂਪ ਤੋਂ ਪੰਦਰ੍ਹਾਂ ਕੁ ਮੀਲ ਲਾਹੌਰ ਦੇ ਚੜ੍ਹਦੇ ਵਲ ਤਿਆਰ-ਬਰ-ਤਿਆਰ ਕਰ ਕੇ ਖਲਿਆਰ ਦਿਤਾ। ੨੭ ਦਸੰਬਰ ਨੂੰ ਜਹਾਨ ਖ਼ਾਨ ਦੀ ਕਮਾਨ ਥਲੇ ਫ਼ੈਜ਼ ਤਲਬ ਖਾਨ, ਬਰਖ਼ੁਰਦਾਰ ਖਾਨ ਦਰਵੇਸ, ਅਲੀ ਖਾਨ ਹਜ਼ਾਰਾਰ ਨੂੰ ਇਕ ਤਕੜੀ ਫੌਜ ਨਾਲ ਗੁਰੂ ਚੱਕ (ਸ੍ਰੀ ਅੰਮ੍ਰਿਤਸਰ) ਭੇਜ ਦਿਤਾ। ਜਹਾਨ ਖਾਨ ਨੇ ਸ਼ਹਿਰ ਉਤੇ ਕਬਜ਼ਾ ਕਰਕੇ ਏਥੇ ਡੇਰਾ ਜਮਾ ਲਿਆ। ਥੋੜੇ ਬਹੁਤ

---

*ਇਹ ਲੰਮੀਆਂ ਤੇ ਭਾਰੀਆਂ ਬੰਦੂਕਾਂ ਹੁੰਦੀਆਂ ਸਨ, ਜਿਨ੍ਹਾਂ ਦੀ ਮਾਰ ਬੜੀ ਦੂਰ ਤੱਕ ਹੁੰਦੀ ਸੀ। ਘਿਰੇ ਹੋਏ ਵੈਰੀ ਨੂੰ ਕਿਸੇ ਪਾਸੇ ਨਿਕਲ-ਭਜਣ ਤੋਂ ਰੋਕਣ ਲਈ ਤੇ ਬਰਬਾਦ ਕਰਨ ਲਈ ਇਹ ਬੜਾ ਕਾਰਗਰ ਹਥਿਆਰ ਸੀ।



www.AKJ.Org

ਸਿਖ ਜੋ ਏਥੇ ਸਨ, ਸ੍ਰੀ ਅੰਮ੍ਰਿਤਸਰ ਨੂੰ ਛਡ ਕੇ ੧੫-੧੬ ਕੋਹ ਪਿਛਾਂਹ ਹਟ ਕੇ ਜੰਗਲਾਂ ਵਿਚ ਹੋ ਬੈਠੇ।

ਅਹਿਮਦ ਸ਼ਾਹ ੨੯ ਦਸੰਬਰ ਨੂੰ ਆਪਣੇ ਡੇਰੇ ਮਹਿਮੂਦ ਬੂਟੀ ਤੋਂ ਰਵਾਨਾ ਹੋਇਆ, ੩੦ ਦਸੰਬਰ ਨੂੰ ਗੁਰੂ ਚੱਕ ਆਣ ਪੁਜਾ। ਜਹਾਨ ਖ਼ਾਨ ਨੂੰ ਏਥੇ ਹੀ ਛੱਡ ਕੇ ਅਬਦਾਲੀ ਆਪ ਪਹਿਲੀ ਜਨਵਰੀ ੧੭੬੨ ਨੂੰ ਏਥੋਂ ਚਲ ਕੇ ਜੰਡਿਆਲੇ ਵਲ ਦੀ ਹੋ ਕੇ ਵੈਰੋਵਾਲ ਦੇ ਲਾਗੇ ਜਲਾਲਾਬਾਦ ਪਹੁੰਚ ਗਿਆ।[1] ਸੈਦਖਾਨ ਨੇ ਸੁਝਾਉ ਦਿਤਾ ਕਿ ਏਸੇ ਇਲਾਕੇ ਵਿਚ ਕੁਝ ਸਮੇਂ ਲਈ ਡੇਰਾ ਜਮਾ ਕੇ ਤਕੜੇ ਫੌਜੀ ਦਸਤੇ ਇਕੋ ਵਾਰ ਹੀ ਚਾਰ-ਚੁਫੇਰੇ ਚਾੜ੍ਹੇ ਜਾਣ, ਜੋ ਸਿਖਾਂ ਨੂੰ ਪਿੰਡਾਂ ਤੇ ਜੰਗਲਾਂ ਵਿਚ ਘੇਰ ਘੇਰ ਕੇ ਬਰਬਾਦ ਕਰ ਦੇਣ। ਦੂਜੇ ਪਾਸੇ ਜਹਾਨ ਖਾਨ ਸ੍ਰੀ ਅੰਮ੍ਰਿਤਸਰ ਦਾ ਚਾਰ-ਚੁਫੇਰਾ ਗਾਹ ਕੇ ਸਿਖਾਂ ਨੂੰ ਚੁਣ ਚੁਣ ਕੇ ਮਾਰ ਦੇਵੇ। ਮਾਝੇ ਵਿਚ ਇਹ ਸਿਖਾਂ ਦਾ ਇਕ ਤਕੜਾ ਗੜ੍ਹ ਸੀ, ਇਸ ਲਈ ਇਸ ਨੂੰ ਤਬਾਹ ਕਰਨਾ ਬਹੁਤ ਜ਼ਰੂਰੀ ਸਮਝਿਆ ਗਿਆ। ਸ਼ਾਹ, ਜਲਾਲਾਬਾਦ ਤੇ ਵੈਰੋਵਾਲ ਤੋਂ ਹੋ ਕੇ ਫ਼ਤਹਿਆ ਬਾਦ ਅੱਪੜ ਗਿਆ। ਫ਼ਤਿਹਆ ਬਾਦ ਤਰਨਤਾਰਨੋਂ ਗੋਇੰਦਵਾਲ ਸਾਹਿਬ ਨੂੰ ਜਾਣ ਵਾਲੀ ਸੜਕ ਉਤੇ, ਗੋਇੰਦਵਾਲ ਸਾਹਿਬ ਤੋਂ ਤਿੰਨ ਕੁ ਮੀਲ ਪੱਛਮ ਵਲ ਹੈ। ਇਹ ਘੁੱਗ ਵਸਦਾ ਸ਼ਹਿਰ ਸ: ਜੱਸਾ ਸਿੰਘ ਆਹਲੂਵਾਲੀਏ ਦੀ ਮੇਰ ਵਿਚ ਸੀ। ਅਬਦਾਲੀ ਨੇ ਅੱਧਾ ਕੁ ਘੰਟਾ ਇਸ ਨੂੰ ਬੁਰੀ ਤਰ੍ਹਾਂ ਲੁਟਿਆ। ਕਿਲ੍ਹੇ ਵਿਚ ਥੋੜੇ ਜਿਹੇ ਸਿੰਘ ਸਨ, ਏਡੀ ਵੱਡੀ ਫੌਜ ਨਾਲ ਕੀ ਵਾਹ ਜਾਂਦੀ ਸੀ, ਇਕ ਇਕ ਕਰਕੇ ਕੱਟ ਮਰੇ[2]। ਸ਼ਹਿਰ ਵਿਚਲੀ ਵਸੋਂ ਦੇ ਜਿੰਨੇ ਕੁ ਸਿੱਖ ਕਾਬੂ ਆਏ, ਸਭ ਮੌਤ ਦੇ ਘਾਟ ਉਤਾਰ ਦਿਤੇ ਗਏ। ਅਹਿਮਦ ਸ਼ਾਹ ਫ਼ਤਹਿਆਬਾਦ ਵਿਚ ਆਪਣਾ ਕੰਪੂ ਬਨਾਉਣਾ ਚਾਹੁੰਦਾ ਸੀ। ਅਜੇ ਉਸ ਨੇ ਸਾਮਾਨ ਵੀ ਨਹੀਂ ਸੀ ਖੋਲ੍ਹਿਆ ਕਿ ਬੁਰੀਆਂ ਖਬਰਾਂ ਪੁੱਜਣੀਆਂ ਸ਼ੁਰੂ ਹੋ ਗਈਆਂ।

ਸ: ਚੜ੍ਹਤ ਸਿੰਘ, ਲਹਿਣਾ ਸਿੰਘ, ਹੀਰਾ ਸਿੰਘ ਆਦਿ ਸਰਦਾਰ ਸ੍ਰੀ ਅੰਮ੍ਰਿਤਸਰ ਦੇ ਆਸ ਪਾਸ ਦਿਆਂ ਜੰਗਲਾਂ ਵਿਚ ਸ਼ਹਿ ਮਾਰੀ ਬੈਠੇ ਸਨ ਕਿ ਸਮਾਂ ਮਿਲੇ ਤਾਂ ਸ਼ਾਹ ਉਤੇ ਝਪਟਿਆ ਜਾਵੇ। ਝੱਟ ਆਪਣੇ ਟਿਕਾਣੇ ਤੋਂ ਨਿਕਲ ਕੇ ਲਾਹੌਰ ਉਤੇ ਚੜ੍ਹ ਆਏ। ਸ਼ਾਹ ਦਾ ਮਹਿਮੂਦ ਬੂਟੀ ਵਾਲੇ ਕੰਪੂ ਦਾ ਸਾਰਾ ਜੰਗੀ-ਸਾਮਾਨ, ਸੁਦਾਗਰ ਤੇ ਉਨ੍ਹਾਂ ਦਾ ਕੀਮਤੀ ਸਾਮਾਨ ਖਜ਼ਾਨਾ, ਤੇ ਪੈਸੇ ਟਕੇ ਦਾ ਕੰਮ ਕਰਨ ਵਾਲੇ ਸ਼ਾਹੂਕਾਰ ਸਭ ਲੁਟ-ਪੁਟ ਕੇ ਕੰਪੂ ਉਜਾੜ ਪੁਜਾੜ ਦਿਤਾ। ਸ਼ਾਹ ਦਾ ਸਾਲਾ, ਜਿਸ ਨੂੰ ਉਹ ਹਿਰਮ ਅਤੇ ਕੀਮਤੀ ਸਾਮਾਨ ਦੀ ਰਾਖੀ ਲਈ ਕਈ ਅਫ਼ਸਰ ਤੇ ੪੦੦੦ ਘੋੜ-ਸਵਾਰ ਦੇ ਕੇ ਪਿਛੇ ਲਾਹੌਰ ਸ਼ਹਿਰ ਵਿਚ ਹੀ ਛੱਡ ਗਿਆ ਸੀ, ਸਿੰਘਾਂ ਦੇ ਇਸ ਅਚਨਚੇਤ ਹੱਲੇ ਤੋਂ ਏਨਾ ਡਰ ਗਿਆ ਕਿ ਕੰਪੂ ਨੂੰ ਬਚਾਉਣ ਲਈ ਟਾਕਰਾ ਕਰਨ ਲਈ ਸ਼ਹਿਰੋਂ ਬਾਹਰ ਨਹੀਂ ਨਿਕਲਿਆ, ਹਾਲਾਂਕਿ ਉਸ ਨਾਲ ਦਾਦਨ ਖਾਨ ਗਵਰਨਰ ਲਾਹੌਰ ਤੇ ਉਸ ਦੇ ੧੫੦੦ ਆਪਣੇ ਘੋੜ-ਸੁਆਰ ਵੀ ਸਨ। ਇਹ ਦੋਵੇਂ ਏਨੇ ਭੈਭੀਤ ਹੋਏ ਕਿ ਅੱਖਾਂ ਸਾਹਮਣੇ ਕੰਪੂ ਲੁਟੀਂਦਾ ਵੇਖਦੇ ਰਹੇ ਤੇ ਸ਼ਹਿਰੋਂ ਬਾਹਰ ਨਹੀਂ ਨਿਕਲੇ। ਸਗੋਂ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ। ਸ਼ਾਹ ਦੇ ਸਾਲੇ ਨੇ ਇਕ ਤੇਜ਼ ਸੁਆਰ ਰਾਹੀਂ ਅਰਜ਼ੀ ਲਿਖ ਘਲੀ ਕਿ ਸਿੱਖਾਂ ਨੇ ਕੰਪੂ ਲੁੱਟ ਪੁੱਟ ਲਿਆ ਹੈ, ਲਾਹੌਰ ਉਤੇ ਚੜ੍ਹਾਈ ਕਰਨ ਹੀ ਵਾਲੇ ਹਨ, ਤੁਹਾਡੇ ਪਰਵਾਰ ਨੂੰ ਤੇ ਮੈਨੂੰ ਬਹੁਤ ਖ਼ਤਰਾ ਹੈ। ਹਜ਼ੂਰ ਛੇਤੀ ਪਰਤਣ ਤੇ ਸਾਡੀ ਸਾਰਿਆਂ ਦੀ ਜਾਨ ਬਚਾਉਣ। ਸ਼ਾਹ ਨੇ ਫ਼ਤਿਹਆਬਾਦ ਕੰਪੂ ਕੀ ਲਾਉਣਾ ਸੀ, ਅਰਜ਼ੀ ਮਿਲਦਿਆਂ ਸਾਰ ਲਾਹੌਰ ਵਲ ਨੂੰ ਕੂਚ ਦਾ ਹੁਕਮ ਦੇ ਦਿਤਾ ਤੇ ਬੜੀ ਜਲਦੀ ਮਹਿਮੂਦ ਬੂਟੀ ਆਪਣੇ ਉਜੜੇ ਪੁਜੜੇ ਕੰਪੂ ਵਿਚ ਆਣ ਉਤਰਿਆ। ਸਿੰਘਾਂ ਨੂੰ ਪਾਤਸ਼ਾਹ ਦੇ ਵਾਪਸ ਤੁਰ ਆਉਣ ਦੀ ਖਬਰ ਮਿਲ ਗਈ ਸੀ। ਆਪਣੀ ਤਾਕਤ ਥੋੜ੍ਹੀ ਹੋਣ ਕਾਰਨ ਲਾਹੌਰ ਛਡ ਕੇ ੨੦-੨੫ ਮੀਲ ਦੀ ਵਿਥ ਤੇ ਪਿਛੇ ਹਟ ਗਏ। ਉਹ

---

੧. ਡਾ: ਗੰਡਾ ਸਿੰਘ ਜੀ—ਅਹਿਮਦ ਸ਼ਾਹ ਦੁਰਾਨੀ, ਸਫ਼ਾ ੩੨੧

੨. ਡਾ ਹਰੀ ਰਾਮ ਗੁਪਤਾ—ਹਿਸਟਰੀ ਆਫ਼ ਦੀ ਸਿਖਸ ii, ਸਫ਼ਾ ੨੩੯



www.AKJ.Org

ਫੌਜ ਤੋਂ ੮-੧੦ ਮੀਲ ਦੂਰ ਹੀ ਰਹਿੰਦੇ[3]। ਜਦ ਮੌਕਿਆ ਮਿਲਦਾ, ਬੜੀ ਤੇਜ਼ੀ ਨਾਲ ਢਾਈ ਫੱਟਾਂ ਵਾਲਾ ਹੱਲਾ ਕਰਦੇ, ਦੁਸ਼ਮਣ ਨੂੰ ਵਢ ਟੁੱਕ ਕੇ ਜਿੰਨਾ ਕੁ ਸਾਮਾਨ, ਹਥਿਆਰ ਤੇ ਘੋੜੇ ਹੱਥ ਆਉਂਦੇ, ਲੈ ਕੇ ਅੱਖ ਝਮਕਦਿਆਂ ਝਮਕਦਿਆਂ "ਆਹ ਗਏ, ਔਹ ਗਏ" ਹੋ ਜਾਂਦੇ। ਜਦ ਤਕ ਫ਼ੌਜ ਨੂੰ ਸੁਰਤ ਆਉਂਦੀ, ਉਹ ਇੰਜ ਗ਼ਾਇਬ ਹੋ ਜਾਂਦੇ, ਮਾਨੋ ਹੋਇਆ ਈ ਕੁਝ ਨਹੀਂ। ਇਹ ਹੱਲੇ ਰੋਜ਼ ਦੀ ਖੇਡ ਬਣ ਗਈ ਸੀ।

**ਅਹਿਮਦਸ਼ਾਹ ਦਾ ਸਿੰਘਾਂ ਨਾਲ ਸੁਲਾਹ ਸਫਾਈ ਲਈ ਉਪਰਾਲਾ,**
**ਸਿੰਘਾਂ ਦਾ ਸਾਫ਼ ਇਨਕਾਰ–**

ਸਿੰਘਾਂ ਦੇ ਰੋਜ਼ ਦਿਆਂ ਅਚਨਚੇਤ ਤੇ ਬੇਰੋਕਵਿਆਂ ਹੱਲਿਆਂ ਨੇ ਦੁਰਾਨੀ ਪਾਤਸ਼ਾਹ ਦੀ ਬੁਰੀ ਤਰ੍ਹਾਂ ਨੱਕ ਜਿੰਦ ਲਿਆ ਦਿਤੀ। ਫ਼ੌਜ ਵਿਚ ਬੇਦਿਲੀ ਦੇ ਅਸਾਰ ਦਿਸਣ ਲੱਗ ਪਏ। ਉਸ ਨੇ ਚੰਗੀ ਤਰ੍ਹਾਂ ਮਹਿਸੂਸ ਕਰ ਲਿਆ ਕਿ ਖਾਲਸਈ ਤੇਗ ਅੱਗੇ ਦੁਰਾਨੀ ਤਲਵਾਰ ਦੀ ਕੋਈ ਪੇਸ਼ ਨਹੀਂ ਜਾ ਸਕਦੀ। ਤਲਵਾਰ ਮਿਆਨੇ ਕਰ ਕੇ ਇਨ੍ਹਾਂ ਨਾਲ ਸੁਲਾਹ ਹੀ ਲਾਹੇਵੰਦੀ ਹੋ ਸਕਦੀ ਹੈ। ਉਸਦੇ ਤਜਰਬੇਕਾਰ ਜਰਨੈਲ ਤਾਂ ਸਿੰਘਾਂ ਦੇ ਹੱਥ ਵੇਖ ਕੇ ਉਸ ਤੋਂ ਪਹਿਲਾਂ ਇਸ ਸਚਾਈ ਨੂੰ ਹਮੇਸ਼ਾ ਲਈ ਮੰਨ ਚੁਕੇ ਸਨ ਕਿ ਇਸ ਕੌਮ ਨਾਲ ਉਹ ਤਲਵਾਰੀਂ ਬਾਜ਼ੀ ਨਹੀਂ ਜਿਤ ਸਕਦੇ। ਉਨ੍ਹਾਂ ਉਤੇ ਤਲਵਾਰ ਦਾ ਹਰ ਵਾਰ, ਉਨ੍ਹਾਂ ਨੂੰ ਨਵੀਂ ਤਾਕਤ ਤੇ ਉਦਮ ਉਤਸ਼ਾਹ ਦੇਂਦਾ ਹੈ। ਇਹੋ ਜਿਹੀ ਹੱਠੀ ਕੌਮ ਨਾਲ ਸੁਲਾਹ-ਸਫ਼ਾਈ ਤੇ ਮਿੱਠਤ ਹੀ ਲਾਹੇਵੰਦੀ ਹੋ ਸਕਦੀ ਹੈ। ਪਾਤਸ਼ਾਹ ਉਤੇ ਵੀ ਇਸ ਸਚਾਈ ਦਾ ਅਸਰ ਹੋਇਆ ਵੇਖ ਕੇ ਸ਼ਾਹ ਵਲੀ ਖਾਨ ਵਜ਼ੀਰ-ਏ-ਆਜ਼ਮ, ਜਹਾਨ ਖਾਨ ਸਿਪਾਹ ਸਲਾਰ, ਸ਼ਾਹ ਪਸੰਦ ਖਾਨ, ਫੈਜ਼ ਤਲਬ ਖਾਨ, ਨਸੀਰ ਖਾਨ ਬਲੋਚ ਆਦਿ ਜਰਨੈਲਾਂ ਨੇ ਸ਼ਾਹ ਨੂੰ ਇਹ ਬਹੁ-ਮੁਲਾ ਸੁਝਾਉ ਦਿਤਾ ਕਿ ਸਿਖਾਂ ਨਾਲ ਮੇਲ-ਮਿਲਾਪ ਬਹੁਤ ਹੀ ਫ਼ਾਇਦੇਮੰਦ ਹੋਵੇਗਾ। ਇਸ ਸੁਝਾਉ ਨੂੰ ਪਰਵਾਨ ਕਰ ਕੇ, ਪਾਤਸ਼ਾਹ ਨੇ ੧੫ ਜਨਵਰੀ ੧੭੬੭ ਨੂੰ ਨੂਰੁੱਦੀਨ ਕੋਟ[4] ਦੇ ਲਾਗੇ ਬੰਨਿਉਂ ਸ: ਜੱਸਾ ਸਿੰਘ ਆਹਲੂਵਾਲੀਆ, ਸ: ਝੰਡਾ ਸਿੰਘ ਭੰਗੀ, ਸ: ਖੁਸ਼ਹਾਲ

---

੩. ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ (ਇੰਗਲਿਸ਼) ii, ਸਫ਼ਾ ੧੬ ਏ, ੨੦,੩੬,੬੫, ੧੦੮ ਏ।

[4]**ਨੋਟ** :-ਨੂਰੁੱਦੀਨ ਕੋਟ ਜਾਂ ਸਰਾਏ-ਨੂਰੁੱਦੀਨ ਇਕੋ ਕਸਬਾ ਹੈ। ਕਿਸੇ ਜ਼ਮਾਨੇ ਇਹ ਤਕੜਾ ਸ਼ਹਿਰ ਵੀ ਸੀ। ਇਹ ਲਾਹੌਰੋਂ ਆਉਂਦੀ ਪੁਰਾਣੀ ਜਰਨੈਲੀ ਸੜਕ ਉਤੇ ਤਰਨ ਤਾਰਨ ਤੋਂ ਸਾਢੇ ਛੇ ਕਿਲੋ ਮੀਟਰ ਉਤੇ ਪਛਮ ਵੱਲ ਹੈ। ਏਥੋਂ ਝਬਾਲ ਦਸ ਕੁ ਕਿਲੋ ਮੀਟਰ ਪੱਛਮ ਵਿਚ ਹੈ। ਇਸ ਨੂੰ ਏਥੋਂ ਦੇ ਤੇ ਇਰਦ ਗਿਰਦ ਦੇ ਲੋਕ "ਨੂਰ ਦੀ" ਕਰ ਕੇ ਜਾਣਦੇ ਤੇ ਬੋਲਦੇ ਹਨ। ਇਹ ਉਹੋ "ਨੂਰਦੀ" ਹੈ,ਜਿਸ ਦੇ ਡੇਢ ਕਿਲੋ-ਮੀਟਰ ਪੂਰਬ ਵਿਚ ਸ਼ਾਹੀ ਸੜਕ ਉਤੇ ਬੈਠ ਕੇ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਨਿਹੰਗ ਸਿੰਘਾਂ ਨੇ ਜ਼ਕਰੀਆ ਖਾਨ ਦੀ ਇਸ ਤੜ੍ਹ ਦੇ ਜਵਾਬ ਵਿਚ ਕਿ "ਪੰਜਾਬ ਵਿਚੋਂ ਸਿਖ ਖ਼ਤਮ ਕਰ ਦਿਤੇ ਹਨ,ਕਿਤੇ ਭਾਲਿਆਂ ਨਹੀਂ ਲਭਦੇ", ਮਹਿਸੂਲ ਚੁੰਗੀ ਉਗਰਾਹੁਣਾ ਸ਼ੁਰੂ ਕੀਤਾ ਸੀ ਤੇ ਨਾਲ ਹੀ ਐਲਾਨ ਕੀਤਾ ਸੀ ਕਿ "ਕੌਣ ਭੜੂਆ ਕਹਿੰਦਾ ਹੈ ਕਿ ਸਿਖਾਂ ਦਾ ਪੰਜਾਬ ਵਿਚੋਂ ਨਾਮੋ-ਨਿਸ਼ਾਨ ਮਿਟਾ ਦਿਤਾ ਹੈ, ਸਿੰਘ ਪੰਜਾਬ ਵਿਚ ਮੌਜੂਦ ਹੀ ਨਹੀਂ, ਸਗੋਂ ਉਨ੍ਹਾਂ ਇਹ ਖਾਲਸਾ ਰਾਜ ਵੀ ਕਾਇਮ ਕਰ ਦਿਤਾ ਹੈ। ਇਹ ਉਸੇ ਰਾਜ ਦੀ ਮਹਿਸੂਲ ਚੁੰਗੀ ਹੈ।" ਅੰਤ ਵਿਚ ਜ਼ਕਰੀਆ ਖਾਨ ਨੇ ਜਲਾਲ ਖਾਨ ਦੀ ਕਮਾਨ ਥਲੇ ਸ਼ਾਹੀ ਫ਼ੌਜ ਦਾ ਇਕ ਤਕੜਾ ਦਸਤਾ ਇਨ੍ਹਾਂ ਵਿਰੁਧ ਘਲਿਆ ਸੀ, ਤਾਕਿ ਇਨ੍ਹਾਂ ਨੂੰ ਜੀਊਂਦਾ ਫੜ ਕੇ ਲਿਆਂਦਾ ਜਾਵੇ। ਪਰ ਇਹ ਸੂਰਮੇ ਪਿੱਠਾਂ ਜੋੜ ਕੇ ਡਟ ਗਏ ਤੇ ਸੋਟਿਆਂ ਨਾਲ ਹੀ ਦੋ ਦਰਜਨ ਸਿਪਾਹੀ ਮਾਰ ਕੇ ਲੜਦੇ ਲੜਦੇ ਸ਼ਹੀਦ ਹੋ ਗਏ ਤੇ ਰਖ ਵਿਖਾ ਗਏ। ਇਹ ਥਾਂ ਇਕ ਅਹਿਮ ਤਾਰੀਖੀ ਮੁਕਾਮ ਹੈ। ਪਰ ਅਫ਼ਸੋਸ ਹੈ ਕਿ ਇਸ ਵੱਲ ਕੌਮ ਨੇ ਯਥਾ ਜੋਗ ਧਿਆਨ ਨਹੀਂ ਦਿਤਾ। ਇਹ ਉਹ ਸੁਭਾਗਾ ਸਥਾਨ ਹੈ ਜਿਸ ਉਤੇ ਪਹਿਲਾ ਖਾਲਸਾ ਰਾਜ ਕਾਇਮ ਹੋਇਆ। ਸੜਕ ਉਤੇ ਇਕ ਮਾਮੂਲੀ ਜਿਹਾ ਨਿਸ਼ਾਨ ਕਾਇਮ ਕੀਤਾ ਹੋਇਆ ਹੈ। ਇਕ ਵਿੰਗਾ ਚਿੱਬਾ ਨਾ ਪੜ੍ਹਿਆ ਜਾਣ ਵਾਲਾ

[ਬਾਕੀ ਦੇਖੋ ਸਫ਼ਾ ੨੧ ਦੇ ਹੇਠ]



www.AKJ.Org

ਸਿੰਘ ਨੂੰ ਕੁਝ ਇਸ ਪ੍ਰਕਾਰ ਦੀ ਚਿਠੀ ਲਿਖ ਘਲਾਈ ਕਿ "ਜੇ ਤੁਸੀਂ ਮੇਰੀ ਨੌਕਰੀ ਵਿਚ ਆਉਣ ਦੀ ਚਾਹ ਰਖਦੇ ਹੋਵੋ, ਤਾਂ ਆ ਕੇ ਮੇਰੇ ਨਾਲ ਰਲ ਜਾਵੋ, ਜੀ ਆਇਆਂ ਨੂੰ, ਪਰ ਜੇ ਤੁਹਾਡਾ ਇਰਾਦਾ ਲੜਾਈ ਭੜਾਈ ਦਾ ਹੋਵੇ ਤਾਂ ਮੈਦਾਨ ਵਿਚ ਸਾਹਮਣੇ ਆ ਜਾਵੋ।" ਇਸ ਮੇਲ-ਜੋਲ ਦੀ ਗੱਲ ਨੂੰ ਅਗੇ ਨੂੰ ਵਧਾਉਣ ਲਈ ਚੰਬੇ ਦੇ ਰਾਜੇ ਨੇ ਆਪਣਾ ਵਕੀਲ ਸਿੰਘਾਂ ਪਾਸ ਭੇਜਿਆ। ਅਦੀਨਾ ਬੇਗ ਦੇ ਖ਼ਾਨਦਾਨ ਵਿਚੋਂ ਇਕ ਸਜਣ ਸਆਦਤ ਯਾਰ ਖਾਨ ਨੇ ਵੀ ਉਨ੍ਹਾਂ ਨੂੰ ਲਿਖ ਭਿਜਵਾਇਆ ਕਿ ਤੁਹਾਨੂੰ ਬਾਦਸ਼ਾਹ ਸਲਾਮਤ ਨਾਲ ਸੁਲਾਹ-ਸਫ਼ਾਈ ਤੇ ਮੇਲ-ਮਿਲਾਪ ਕਰ ਲੈਣਾ ਚਾਹੀਦਾ ਹੈ। ਤੁਹਾਡੇ ਇਲਾਕੇ ਤੇ ਮਾਲਕੀਆਂ ਖੋਹ ਲੈਣ ਦਾ ਹਜ਼ੂਰ ਦਾ ਕੋਈ ਇਰਾਦਾ ਨਹੀਂ ਹੈ। ਉਹ ਤੁਹਾਡਾ ਦੇਸ਼ ਨਹੀਂ ਹੜੱਪਣਾ ਚਾਹੁੰਦੇ। ਉਹ ਤਾਂ ਸਿਰਫ਼ ਅੱਗੇ ਹਿੰਦੁਸਤਾਨ ਨੂੰ ਜਾਣਾ ਚਾਹੁੰਦੇ ਹਨ। ਤੁਸੀਂ ਉਨ੍ਹਾਂ ਨੂੰ ਇਸ ਵਿਚ ਰੋਕ ਨਾ ਪਾਵੋ। ਬੇਖਟਕੇ ਤੁਸੀਂ ਚਲੇ ਆਉ, ਮੈਂ ਆਪ ਹਜ਼ੂਰ ਨਾਲ ਤੁਹਾਡੀ ਮੁਲਾਕਾਤ ਤੇ ਮੇਲ ਜੋਲ ਕਰਾ ਦਿਆਂਗਾ। ਇਸ ਤਰ੍ਹਾਂ ਆਪੋ ਵਿਚ ਕਤਈ ਤੌਰ ਤੇ ਮੁਕਾ ਲਿਆ ਜਾਵੇ ਕਿ ਤੁਸੀਂ ਸ਼ਾਹ ਨੂੰ ਕਿਹੜਾ ਇਲਾਕਾ ਛਡ ਦਿਉਗੇ ਤੇ ਕਿੰਨਾ ਪੈਸਾ ਨਜ਼ਰ ਦਿਉਗੇ, ਬਸ ਫਿਰ ਇਸ ਦੇ

---

ਬੋਰਡ ਵੀ ਲੱਗਾ ਹੋਇਆ ਹੈ। ਸੜਕੋਂ ਦਖਣ ਵਿਚ ੫੦ ਕੁ ਗਜ਼ ਦੀ ਦੂਰੀ ਤੇ ਇਕ ਸਧਾਰਨ ਜਿਹੀ ਇਮਾਰਤ, ਗੁਰਦਵਾਰਾ ਸਾਹਿਬ ਦੀ ਸ਼ਕਲ ਵਿਚ ਕੁਝ ਸਾਲ ਹੋਏ,ਆਰੰਭੀ ਗਈ ਸੀ। ਇਸ ਦਾ ਨੀਂਹ-ਪੱਥਰ ਸਵਰਗਵਾਸੀ ਸੰਤ ਚੰਨਣ ਸਿੰਘ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਆਪਣੇ "ਕਰ ਕਮਲਾਂ" ਨਾਲ ਰਖਿਆ ਸੀ। ਬਿਲਡਿੰਗ ਵਿਚ ਸਭ ਤੋਂ ਉਘੀ ਚੀਜ਼ ਇਹ 'ਕਰ ਕਮਲਾਂ' ਵਾਲੇ ਸ਼ਬਦਾਂ ਵਾਲੀ ਸਿਲ ਹੀ ਹੈ। ਬਾਕੀ ਵਾਹਿਗੁਰੂ ਦਾ ਨਾਮ ਹੀ ਹੈ। ਇਹ ਇਤਿਹਾਸਕ ਅਸਥਾਨ ਬੜੀ ਕਸ-ਮਪੁਰਸੀ ਦੀ ਹਾਲਤ ਵਿਚ ਹੈ। ਜੇ ਇਸ ਦੇ ਵਾਰਸ ਏਨੇ ਹੀ ਅਵੇਸਲੇ ਰਹੇ ਤਾਂ ਕਿਸੇ ਦਿਨ ਰਾਵਣ ਦੀ ਲੰਕਾ ਵਾਂਗੂੰ ਇਹ ਵੀ ਅਲੋਪ ਹੋ ਜਾਵੇਗਾ। ਆਉਣ ਵਾਲੀਆਂ ਪੀੜ੍ਹੀਆਂ ਲਈ ਬੱਸ ਇਕ ਕਿੱਸਾ ਹੀ ਰਹਿ ਜਾਵੇਗਾ। ਜਿੰਨਾ ਛੇਤੀ ਇਸ ਵੱਲ ਧਿਆਨ ਦਿਤਾ ਜਾਵੇ, ਥੋੜਾ ਹੈ। ਉਨ੍ਹਾਂ ਸੂਰਮਿਆਂ ਦੀ 'ਕਰ ਵਖਾਈ' ਤੇ ਸਾਡੀ ਕੀ ਕਰਤੂਤ ਹੈ? ਕੌਮ ਇਸ ਉਤੇ ਜ਼ਰਾ ਵਿਚਾਰ ਕਰੇ!

ਏਸੇ "ਨੂਰ ਦੀ" ਦੇ ਹਾਕਿਮ ਉਹ ਇਟਾਂ, ਜੋ ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਸਾਹਿਬ ਦਾ ਸਰੋਵਰ, ਦਰਬਾਰ ਸਾਹਿਬ, ਪ੍ਰਕਰਮਾਂ ਤੇ ਬੁੰਗਿਆਂ ਲਈ ਤਿਆਰ ਕਰਵਾਈਆਂ ਸਨ, ਜ਼ਬਰਦਸਤੀ ਚੁਕ ਕੇ ਲੈ ਗਏ ਸਨ ਤੇ 'ਨੂਰਦੀ" ਵਿਚ ਇਮਾਰਤਾਂ ਉਤੇ ਵਰਤ ਲਈਆਂ ਸਨ। ਸਿਖਾਂ ਨੇ ਜਦ ਭਰੇ ਦਿਲ ਨਾਲ ਮਹਾਰਾਜ ਨੂੰ ਦਸਿਆ ਤਾਂ ਹਜ਼ੂਰ ਨੇ ਮੁਸਕਰਾ ਕੇ ਫ਼ੁਰਮਾਇਆ ਸੀ ਕਿ ਜੇ ਸਾਡੀਆਂ ਹੋਈਆਂ, ਤਾਂ ਏਥੇ ਹੀ ਲਗਣਗੀਆਂ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜਦ ਤਾਕਤ ਵਿਚ ਆਏ ਤਾਂ ਇਥੋਂ ਦਿਆਂ ਲੋਕਾਂ ਤੋਂ ਇਹ ਇਮਾਰਤਾਂ ਢੁਆ ਕੇ, ਉਨ੍ਹਾਂ ਦੇ ਹੀ ਗੱਡਿਆਂ, ਖੋਤਿਆਂ, ਖਚਰਾਂ ਤੇ ਸਿਰਾਂ ਉਤੇ ਚੁਕਾ ਕੇ ਵਾਪਸ ਤਰਨ ਤਾਰਨ ਲਿਆਏ ਸਨ ਜੋ ਪ੍ਰਕਰਮਾਂ ਵਿਚ ਤੇ ਬੁੰਗਿਆਂ ਦੀ ਉਸਾਰੀ ਉਤੇ ਲਾਈਆਂ ਗਈਆਂ ਸਨ।

ਏਸੇ "ਨੂਰਦੀ" ਵਿਚ ਚੂੜਾਮਣ ਕਵੀ ਸੰਤੋਖ ਸਿੰਘ ਜੀ ਦਾ ਜਨਮ-ਸਥਾਨ ਵੀ ਹੈ। ਬੜਾ ਸੋਹਣਾ ਗੁਰਦਵਾਰਾ ਸਾਹਿਬ ਬਣਿਆ ਹੋਇਆ ਹੈ।

ਇਹ ਪਿੰਡ ਜਿਸਦਾ ਕਾਫੀ ਹਿਸਾ ਖੰਡਰਾਂ ਦੀ ਸ਼ਕਲ ਵਿਚ ਹੈ, ਮੁਸਲਮਾਨੀ ਇਮਾਰਤੀ ਤਰਜ਼ ਦਾ ਬਣਿਆ ਹੋਇਆ ਹੈ। ਪੁਰਾਣੀਆਂ ਮਹਿਰਾਬਾਂ ਤੇ ਡਾਟਾਂ ਵੇਖਣ ਨਾਲ ਤੁਅਲਕ ਰਖਦੀਆਂ ਹਨ। ਪਿੰਡੋਂ ਬਾਹਰਵਾਰ ਪਛਮ-ਉੱਤਰ ਵਿਚ ਇਕ ਬੜੀ ਤਕੜੀ ਮਕਬਰੇ ਵੀ ਇਮਾਰਤ ਹੈ, ਜੋ ਅਣ-ਸਾਂਭੀ ਹੋਣ ਕਰਕੇ ਖ਼ਰਾਬ ਹੋ ਰਹੀ ਹੈ।



www.AKJ.Org

ਇਵਜ਼ ਵਿਚ ਉਹ ਤੁਹਾਡੇ ਲਾਹੌਰ ਸਪੁਰਦ ਕਰ ਦੇਵੇਗਾ[5]। ਰਾਜਾ ਚੰਬਾ ਦੇ ਵਕੀਲ ਨੇ ਕੁਝ ਤਿਖੇ ਜਿਹੇ ਲਹਿਜੇ ਵਿਚ ਗੱਲ ਕੀਤੀ। ਸਿੰਘਾਂ ਦੀ ਅਣਖ ਤੇ ਹਠ ਨੂੰ ਉਹ ਚੰਗੀ ਤਰ੍ਹਾਂ ਸ਼ਾਇਦ ਸਮਝਦਾ ਹੀ ਨਾ ਹੋਵੇ। ਸਿੰਘਾਂ ਨੇ ਉਸ ਨੂੰ ਇਸ਼ਾਰਾ ਦੇ ਕੇ ਟਾਲਣਾ ਚਾਹਿਆ, ਜਿਸ ਦਾ ਅਰਥ ਸੀ ਕਿ ਉਹ ਕੋਈ ਸਮਝੌਤਾ ਕਰਨ ਨੂੰ ਤਿਆਰ ਨਹੀਂ। ਵਕੀਲ ਨੇ ਅਹਿਮਦ ਸ਼ਾਹ ਦੀ ਤਾਕਤ ਦਾ ਰੁਅਬ ਦੇ ਕੇ ਤੇ ਤਾਅਨਾ-ਜ਼ਨੀ ਕਰ ਕੇ ਗੱਲ ਸ਼ੁਰੂ ਕੀਤੀ। ਸਿੰਘਾਂ ਅਗੋਂ ਸੋਲ੍ਹਾ ਲਾਹ ਕੇ ਵਿਖਾਇਆ ਤੇ ਕੁਝ ਸਖ਼ਤ ਬੋਲੇ ਛੱਡ ਕੇ ਉਸ ਨੂੰ ਫ਼ੌਜ ਵਿਚੋਂ ਨਠਾ ਦਿਤਾ। ਸਆਦਤ ਯਾਰ ਖਾਨ ਨੂੰ ਵੀ ਉਸ ਦਾ ਧੰਨਵਾਦ ਕਰਦਿਆਂ ਲਿਖ ਘਲਾਇਆ ਕਿ ਉਹ ਇਸ ਦੁਰਾਨੀ ਧਾੜਵੀ ਨਾਲ ਕਿਸੇ ਵੀ ਕੀਮਤ ਤੇ ਗੱਲ-ਬਾਤ ਕਰਨ ਨੂੰ ਤਿਆਰ ਨਹੀਂ,ਇਲਾਕਾ ਛਡਣਾ ਜਾ ਨਜ਼ਰਾਂ ਦੇਣੀਆਂ ਤਾਂ ਇਕ ਪਾਸੇ ਰਹੀਆਂ[6]। ਉਹ ਜਾਣਦੇ ਸਨ ਕਿ ਅਹਿਮਦ ਸ਼ਾਹ ਕਿਸੇ ਵੀ ਤਾਕਤ ਨਾਲ ਉਨ੍ਹਾਂ ਨੂੰ ਪੰਜਾਬ ਵਿਚੋਂ ਹਿਲਾ ਨਹੀਂ ਸਕਦਾ, ਉਨ੍ਹਾਂ ਦਾ ਕੁਝ ਵੀ ਵਿਗਾੜ ਨਹੀਂ ਸਕਦਾ। ਜਿਨ੍ਹਾਂ ਦਾ ਜਨਮ ਖੰਡੇ ਦੀ ਧਾਰ ਚੋਂ ਹੋਇਆ ਸੀ,

---

[5] **ਨੋਟ** : ਸਿੰਘਾਂ ਦੀ ਤਾਕਤ ਤੇ ਅਣਖ ਦਾ ਇਹ ਕਿਡਾ ਵੱਡਾ ਉਜਾਗਰ ਤਥ ਹੈ ਕਿ ਅਹਿਮਦਸ਼ਾਹ ਵਰਗਾ ਜ਼ਬਰਦਸਤ ਪਾਤਸ਼ਾਹ, ਜੋ ਸਿਖਾਂ ਦੀ ਬਰਬਾਦੀ ਕਰਨ ਆਇਆ, ਉਸ ਦੇ ਪਾਸ ਬੜੀ ਤਕੜੀ ਫੌਜ ਵੀ ਹੈ, ਪਰ ਇਸ ਸਭ ਕਾਸੇ ਦੇ ਹੁੰਦਿਆਂ ਸੁੰਦਿਆਂ ਸਿਖਾਂ ਨਾਲ ਸੁਲਾਹ ਸਫਾਈ ਲਈ ਲਿਲ੍ਹਕਣੀਆਂ ਲੈਂਦਾ ਹੈ। ਸਾਰੇ ਜਰਨੈਲ ਵੀ ਸਿਖਾਂ ਨਾਲ ਸੁਲਾਹ ਦੇ ਹੱਕ ਵਿਚ ਹਨ। ਉਹ ਸਿੰਘਾਂ ਨਾਲ ਸੁਲਾਹ ਕਰਨਾ ਚਾਹੁੰਦਾ ਹੈ, ਸਿੰਘਾਂ ਦੀਆਂ ਸ਼ਰਤਾਂ ਉਤੇ। ਉਹ ਇਹ ਨਹੀਂ ਕਹਿੰਦਾ ਕਿ ਸੁਲਾਹ ਵਿਚ ਮੈਂ ਫਲਾਣਾ ਇਲਾਕਾ ਲੈਣਾ ਹੈ, ਐਨੀ ਰਕਮ ਲੈਣੀ ਹੈ; ਸਗੋਂ ਪੁਛਦਾ ਹੈ ਕਿ ਦਸ ਦਿਉ ਕਿ ਕਿਹੜਾ ਇਲਾਕਾ ਉਸ ਨੂੰ ਛਡ ਦਿਉਗੇ ਤੇ ਕਿੰਨੀ ਕੁ ਰਕਮ ਦਿਉਗੇ, ਤਾਕਿ ਮੈਂ ਤੁਹਾਨੂੰ ਲਾਹੌਰ ਦਾ ਮਾਲਕ ਬਣਾ ਦਿਆਂ। ਇਹ ਉਸ ਦੀ ਸ਼ਕਤੀ ਨੂੰ ਨਹੀਂ ਸਗੋਂ ਹਾਰ ਨੂੰ ਸਪੱਸ਼ਟ ਕਰਦਾ ਹੈ। ਜੇ ਉਹ ਵਾਕਿਆ ਹੀ ਏਨਾ ਤਕੜਾ ਹੁੰਦਾ ਜਿੰਨਾ ਉਸ ਨੂੰ ਅਖੌਤੀ ਇਤਿਹਾਸਕਾਰ ਸਾਬਤ ਕਰਨਾ ਚਾਹੁੰਦੇ ਹਨ, ਤਾਂ ਉਹ ਵਕੀਲਾਂ ਰਾਹੀਂ ਇਹ ਤਰਲਾ ਲੈ ਕੇ ਸਿੰਘਾਂ ਤੋਂ ਕਿਉਂ ਪੁਛਦਾ ਕਿ ਦਸੋ ਮੈਨੂੰ ਕੀ ਕੁਝ ਦਿਉਗੇ, ਤੇ ਕਿਹੜਾ ਪਾਸਾ ਛਡੋਗੇ। ਤਕੜਾ ਬੰਦਾ ਤਾਂ ਕਹਿੰਦਾ ਹੈ, ਕਿ ਮੈਂ ਇਹ ਕਰਨਾ ਹੈ, ਜਾਂ ਇਹ ਨਹੀਂ ਕਰਨਾ। ਬੱਸ ਦੋ-ਟੁਕ ਗੱਲਾਂ। ਉਸ ਨੂੰ ਉਥੱਲ ਸਕਣ ਦੀ ਕਿਸੇ ਵਿਚ ਨਾ ਹਿੰਮਤ ਹੁੰਦੀ ਹੈ ਨਾ ਤਾਕਤ। ਪਰ ਇਸ ਮਾਮਲੇ ਵਿਚ ਤਾਂ ਗੱਲ ਹੀ ਉਲਟ ਹੈ। ਉਸ ਦੀ ਤਾਕਤ ਤਾਂ ਇਸ ਵਿਚ ਸੀ ਕਿ ਉਹ ਕਹਿੰਦਾ, ਸਿਖੋ, ਭਲਾ ਚਾਹੁੰਦੇ ਹੋ ਤਾਂ ਫਲਾਣਾ ਫਲਾਣਾ ਇਲਾਕਾ ਚੁਪ ਚਾਪ ਖ਼ਾਲੀ ਕਰ ਦਿਉ। ਜਾਨ ਦੀ ਖ਼ੈਰ ਚ ਹੁੰਦੇ ਹੋ ਤਾਂ ਐਨਾ ਪੈਸਾ ਹਾਜ਼ਰ ਕਰ ਦਿਉ। ਪਰ ਇੰਜ ਨਹੀਂ ਹੋਇਆ। ਉਹ ਇਕ ਰੁਕ (ਜੁਗਤ) ਨਾਲ ਪੁਛਦਾ ਹੈ ਕਿ ਦਸੋ ਮੈਥੋਂ ਕੀ ਲੈਣਾ ਜੇ? ਦਸੋ ਮੈਂ ਕੀ ਦੇਵਾਂ? ਹੁਣ ਲਵੋ ਇਲਾਕੇ ਦੀ ਗੱਲ। ਇਲਾਕੇ ਦਾ ਮਤਲਬ ਉਸ ਦਾ ਏਨਾ ਹੀ ਸੀ ਕਿ ਉਹ ਸੁਰੱਖਿਅਤ ਮੁਲਕ ਦਾ ਹਿਸਾ, ਜਿਸ ਵਿਚ ਦੀ ਉਹ ਬੇਰੋਕ-ਟੋਕ ਦਿਲੀ ਵੱਲ ਨੂੰ ਆ ਜਾ ਸਕੇ ਤੇ ਬਿਨਾਂ ਕਿਸੇ ਝਿੜਕ-ਝੰਬ ਦੇ ਮੁਲਕ ਲੁਟ-ਪੁਟ ਕੇ ਮਾਲ ਅਸਬਾਬ ਅਫ਼ਗਾਨਿਸਤਾਨ ਵਿਚ ਲਿਜਾ ਸਕੇ। ਸਿੰਘਾਂ ਤੋਂ ਥੋੜੇ ਬਹੁਤ ਪੈਸੇ ਨਜ਼ਰ ਨਿਆਜ਼ ਵਜੋਂ ਲੈਣ ਦਾ ਮਤਲਬ ਇਹ ਸੀ ਕਿ ਦੁਨੀਆ ਨੂੰ ਵਿਖਾ ਸਕੇ ਕਿ ਸਿੰਘ ਹੀਣੇ ਹੋ ਕੇ, ਨਜ਼ਰਾਂ ਭਰ ਕੇ ਉਸ ਦੇ ਥਲੇ ਲੱਗੇ ਹੋਏ ਹਨ। ਇਸ ਨਾਲ ਉਸ ਦੀ ਫੌਜ ਦਾ ਮਨ ਟਿਕਾਣੇ ਹੋ ਜਾਊ ਤੇ ਉਸ ਦਾ ਖੇਰੂੰ ਖੇਰੂੰ ਹੋ ਚੁਕਿਆ ਦਬਦਬਾ ਫਿਰ ਜ਼ਿੰਦਾ ਹੋ ਜਾਊ। ਅਹਿਮਦ ਸ਼ਾਹ ਦੀਆਂ ਚਾਲਾਂ ਦੀ ਫਾਹੀ ਵਿਚ ਸਿੰਘ ਕਦ ਫਸਣ ਵਾਲੇ ਸਨ? ਉਹ ਤਾਂ ਇਸ ਧਾੜਵੀ ਨੂੰ ਹਰ ਤਰ੍ਹਾਂ ਜ਼ਲੀਲ ਕਰ ਕੇ ਮੁਲਕੋਂ ਬਾਹਰ ਕਢਣ ਲਈ ਸਿਰ-ਧੜ ਦੀ ਲਾਈ ਬੈਠੇ ਸਨ। ਤੇ ਉਹ ਉਨ੍ਹਾਂ ਤੋਂ ਨਜ਼ਰਾਂ ਦੀ ਝਾਕ ਲਾਈ ਬੈਠਾ ਸੀ। ਸਿੰਘਾਂ ਨੇ ਉਸ ਵਲੋਂ ਸੁਲਾਹ ਦੀ ਪੇਸ਼ਕਸ਼ ਨੂੰ ਘਿਰਣਾ ਨਾਲ ਠੁਕਰਾ ਦਿਤਾ। ਹੋਣ ਸਿੰਘ (ਸੱਚੇ ਸੁਚੇ) ਤੇ ਜੀਊਣ ਅਣਖਹੀਣ ਹੋ ਕੇ, ਇਹ ਸੰਭਵ ਹੀ ਨਹੀਂ ਸੀ।

[6] ਕੈਲੰਡਰ ਆਫ ਪਰਸ਼ੀਅਨ ਕਾਰਸਪੋਂਡੈਂਸ–ii, ਸਫ਼ਾ ੧੦੮ ਏ।



www.AKJ.Org

ਜੋ ਤੇਗਾਂ ਦੀਆਂ ਛਾਵਾਂ ਥਲੇ ਪਲੇ ਸਨ, ਜਿਨ੍ਹਾਂ ਨੂੰ ਅਜ਼ਾਦੀ ਦਾ ਸਬਕ ਕਲਗੀਧਰ ਸ਼ਹਿਨਸ਼ਾਹ ਨੇ ਦਿਤਾ ਸੀ, ਉਹ ਅਣਖ-ਹੀਣ ਹੋ ਕੇ ਅਬਦਾਲੀ ਦੀ ਈਨ ਕਿਵੇਂ ਮੰਨ ਲੈਂਦੇ । ਉਨ੍ਹਾਂ ਅਬਦਾਲੀ ਨੂੰ ਵੰਗਾਰ ਕੇ ਕਹਿ ਦਿਤਾ, ਜਿਸ ਦੀ ਬਾਹੀਂ ਬਲ ਹੋਵੇਗਾ ਉਹੋ ਹੀ ਪੰਜਾਬ ਦਾ ਮਾਲਕ ਬਣੇਗਾ ।

## ਜਹਾਨ ਖਾਨ ਨੂੰ ਸ੍ਰੀ ਅੰਮ੍ਰਿਤਸਰ ਲਾਗੇ ਸਿੰਘਾਂ ਵਲੋਂ ਹਾਰ–

ਜਹਾਨ ਖਾਨ ਇਕ ਤਕੜੀ ਫ਼ੌਜ ਨਾਲ ਸ੍ਰੀ ਅੰਮ੍ਰਿਤਸਰ ਡੇਰੇ ਲਾਈ ਬੈਠਾ ਸੀ । ਸ: ਜੱਸਾ ਸਿੰਘ ਆਹਲੂਵਾਲੀਆ, ਸ: ਚੜ੍ਹਤ ਸਿੰਘ. ਸ: ਹੀਰਾ ਸਿੰਘ, ਸ: ਗੁੱਜਰ ਸਿੰਘ ਤੇ ਸ: ਲਹਿਣਾ ਸਿੰਘ ਸ੍ਰੀ ਅੰਮ੍ਰਿਤਸਰ ਦੇ ਲਾਗੇ ਹੀ ਕਿਸੇ ਉਡੀਕ ਵਿਚ ਆਪਣੀ ਤਾਕਤ ਇਕੱਠੀ ਕਰੀ ਬੈਠੇ ਸਨ ।

੧੭ ਜਨਵਰੀ ਵਾਲੇ ਦਿਨ ਜਹਾਨ ਖਾਨ ਆਪਣੇ ੧੫੦੦੦ (ਪੰਦਰ੍ਹਾਂ ਹਜ਼ਾਰ) ਸੂਰਮਿਆਂ ਨੂੰ ਹਰਾਵਲ (ਮੂਹਰਖੇ) ਬਣਾ ਕੇ ਸ੍ਰੀ ਅੰਮ੍ਰਿਤਸਰ ਦੇ ਆਸ ਪਾਸ ਦਿਆਂ ਪਿੰਡਾਂ ਨੂੰ ਲੁਟਣ ਤੇ ਸਾੜ-ਫੂਕ ਕੇ ਉਜਾੜਨ ਲਈ ਚੜ੍ਹਿਆ । ਇਸ ਦੀ ਆਪਣੇ ਕੈਂਪ ਚੋਂ ਚੜ੍ਹਾਈ ਦੀ ਖਬਰ ਇਨ੍ਹਾਂ ਸਰਦਾਰਾਂ ਨੂੰ ਵੀ ਮਿਲ ਗਈ । ਉਨ੍ਹਾਂ ਛੂਟ ਮਾਰ ਕੇ ਉਸ ਦਾ ਅੱਗਾ ਆਣ ਰੋਕਿਆ ਤੇ ਘਮਸਾਨ ਦੀ ਲੜਾਈ ਸ਼ੁਰੂ ਕਰ ਦਿਤੀ, ਜੋ ਤਿੰਨ ਘੰਟੇ ਜਾਰੀ ਰਹੀ । ਇਸ ਵਿਚ ੫-੬ ਹਜ਼ਾਰ ਦੁਰਾਨੀ ਸਿਪਾਹੀ ਮਾਰੇ ਗਏ ਤੇ ਘਾਇਲ ਹੋ ਗਏ । ਜਹਾਨ ਖਾਨ ਦੇ ਪੈਰ ਉਖੜ ਗਏ ਤੇ ਉਹ ਹਾਰ ਖਾ ਕੇ ਗੁਰੂ ਚੱਕ ਵਲ ਨੂੰ ਨੱਸ ਗਿਆ । ਅਹਿਮਦ ਸ਼ਾਹ ਨੂੰ ਜਦ ਆਪਣੇ ਜਰਨੈਲ ਦੀ ਬਿਪਤਾ ਦੀ ਖਬਰ ਮਿਲੀ ਤਾਂ ਉਹ ਉਸ ਦੇ ਬਚਾ ਲਈ ਇਕ ਤਕੜੀ ਫ਼ੌਜ ਲੈ ਕੇ ਬੜੀ ਤੇਜ਼ੀ ਨਾਲ ਆਇਆ । ਇਕ ਖ਼ੂਨੀ-ਡੋਲ੍ਹਵੀਂ ਝੜਪ ਹੋਈ, ਜਿਸ ਪਿਛੋਂ ਸਿੰਘ ਜੰਗਲਾਂ ਵਿਚ ਦੀ ਲਾਹੌਰ ਨੂੰ ਹਟ ਗਏ ਤੇ ਅਹਿਮਦ ਸ਼ਾਹ ਨੇ ਸ੍ਰੀ ਅੰਮ੍ਰਿਤਸਰ ਆ ਕੇ ਆਪਣਾ ਗੱਚ ਇਥੋਂ ਦੀਆਂ ਇਮਾਰਤਾਂ ਢਾਹਾ ਕੇ ਤਿੰਨ ਚਾਰ ਹਜ਼ਾਰ ਸਿਖ ਮਰਵਾ ਕੇ ਕਢਿਆ[੭] ।

## ਸ਼ਾਹ ਬਿਆਸ ਟੱਪ ਕੇ ਦੁਆਬੇ ਵਿਚ ਦਾਖ਼ਲ ਹੋਇਆ ਤੇ ਵਖ ਵਖ ਹਿੰਦੁਸਤਾਨੀ ਰਾਜੇ ਤੇ ਨਵਾਬਾਂ ਦੇ ਵਕੀਲ ਹਾਜ਼ਰ ਹੋਏ–

ਇਸ ਝੜਪ ਤੋਂ ਪਿਛੋਂ ਸ਼ਾਹ ਓਸੇ ਦਿਨ ਦੁਆਬੇ ਵੱਲ ਨੂੰ ਤੁਰਿਆ ਤੇ ਬਿਆਸ ਟੱਪ ਕੇ ੧੮ ਜਨਵਰੀ ਨੂੰ ਦੁਆਬੇ ਵਿਚ ਦਾਖ਼ਲ ਹੋ ਗਿਆ । ਸੁਹਰੀਵਾਲ ਲਾਗੇ ਡੇਰਾ ਲਾ ਦਿਤਾ । ਏਥੇ ਨਜੀਬੁਦੌਲਾ ਦਾ ਵਕੀਲ ਰਾਉ ਮੇਘਰਾਜ, ਮੀਰ ਕਾਸਮ ਦਾ ਵਕੀਲ ਸੁਜਾਨ ਰਾਉ, ਜਵਾਹਰ ਸਿੰਘ ਜਾਟ ਦਾ ਵਕੀਲ ਲੁਹਾਰੀ ਮੱਲ ਤੇ ਮਾਧੋ ਸਿੰਘ ਵਲੋਂ ਵਕੀਲ ਭੀਮ ਸਿੰਘ ਪਾਤਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਏ । ਬਾਬਾ ਆਲਾ ਸਿੰਘ ਦੇ ਪੋਤਿਆਂ ਰਾਜਾ ਅਮਰ ਸਿੰਘ ਤੇ ਕੰਵਰ ਹਿੰਮਤ ਸਿੰਘ ਵਲੋਂ ਉਨ੍ਹਾਂ ਦੇ ਵਕੀਲ ਨੇ ਹਾਜ਼ਰ ਹੋ ਕੇ ਪਾਤਸ਼ਾਹ ਨੂੰ ੫੦੦੦ ਰੁਪੈ ਨਕਦ ਤੇ ਦੋ ਘੋੜੇ ਪੇਸ਼ ਕੀਤੇ । ਸ਼ਾਹ ਵਲੀ ਖਾਨ ਤੇ ਜਹਾਨ ਖਾਨ ਨੂੰ ਵੀ ੨੦੦੦ ਰੁਪੈ ਭੇਟ ਕੀਤੇ । ਰਾਏ ਕੱਲਾ ਦੇ ਪੁਤਰ ਦਾ ਵਕੀਲ ਵੀ ਪਾਤਸ਼ਾਹ ਨੂੰ ਏਥੇ ਹੀ ਮਿਲਿਆ । ਸ਼ਾਹ ਨੇ ਇਨ੍ਹਾਂ ਦੇ ਨਜ਼ਰਾਨੇ ਤੇ ਤੁਹਫ਼ੇ ਕਬੂਲ ਕਰ ਕੇ ਇਨ੍ਹਾਂ ਨੂੰ ਹੁਕਮ ਦਿਤਾ ਕਿ ਇਹ ਆਪਣੇ ਆਪਣੇ ਸੁਆਮੀਆਂ ਨੂੰ ਕਹਿਣ ਕਿ ਉਹ ਆਪ ਨਿਜੀ ਤੌਰ ਤੇ ਹਾਜ਼ਰੀ ਭਰਨ । ਅਹਿਮਦ ਸ਼ਾਹ ਦਾ ਡੇਰਾ ਨੂਰ ਮਹਿਲ ਸੀ, ਜਦ ਰਾਜਾ ਅਮਰ ਸਿੰਘ ਤੇ ਕੰਵਰ ਹਿੰਮਤ ਸਿੰਘ ਉਸ ਨੂੰ ਮਿਲੇ । ਇਨ੍ਹਾਂ ਦਾ ਮਨੋਰਥ ਸ਼ਾਹ ਵਲੀਖਾਨ ਰਾਹੀਂ ਆਪਣੇ ਜ਼ਿੰਮੇ ਪੈਸੇ ਦਾ ਨਿਪਟਾਰਾ ਵੀ ਸੀ ।[੮]

---

੭ ਕੈਲੰਡਰ ਆਫ਼ ਪਰਸ਼ੀਅਨ ਕਾਰਸਪੋਂਡੈਂਸ–ii, ਸਫ਼ਾ ੬੫
੮ ,, ,, ,, ,, ii, ਸਫ਼ਾ ੬੫, ੭੬, ੧੩੬ ।



www.AKJ.Org

## ਸਿੰਘਾਂ ਨੇ ਅਬਦਾਲੀ ਨੂੰ ਜਲੰਧਰ ਦੁਆਬ ਵਿਚ ਵੀ ਚੈਨ ਨਹੀਂ ਲੈਣ ਦਿਤਾ—

ਦੁਆਬੇ ਵਿਚ ਵੀ ਸਿੰਘਾਂ ਨੇ ਅਹਿਮਦ ਸ਼ਾਹ ਨੂੰ ਸੁਖ ਦਾ ਸਾਹ ਨਹੀਂ ਲੈਣ ਦਿਤਾ। ਨਿਤ ਦਿਆਂ ਅਚਨ-ਚੇਤ ਹੱਲਿਆਂ ਨੇ ਦੁਰਾਨੀ ਸਿਪਾਹੀਆਂ ਵਿਚ ਬੜੀ ਬੇਦਿਲੀ ਤੇ ਭੈ ਭਾਵ ਪੈਦਾ ਕਰ ਦਿਤੇ। ਨਸੀਰ ਖਾਨ ਬਲੋਚ ਮਾਲ-ਅਸਬਾਬ ਦੀ ਰਾਖੀ ਤੇ ਨਿਯੁਕਤ ਸੀ। ਉਸ ਦੀ ਕਮਾਨ ਥਲੇ ਲਸ਼ਕਰ ਦਾ ਇਕ ਤਕੜਾ ਹਿੱਸਾ ਸੀ। ਇਕ ਦਿਨ ੨੫ ਕੁ ਹਜ਼ਾਰ ਦੀ ਗਿਣਤੀ ਵਿਚ ਸਿੰਘ ਰਲ ਕੇ ਪਏ। ਬੜੀ ਗਹਿਗਚ ਲੜਾਈ ਹੋਈ। ਨਸੀਰ ਖਾਨ ਨੇ ਜ਼ੋਰ ਤਾਂ ਬਹੁਤ ਮਾਰਿਆ, ਪਰ ਪੇਸ਼ ਕੋਈ ਨਾ ਗਈ ਤੇ ਸਖ਼ਤ ਹਾਰ ਖਾਧੀ। ਕਾਫ਼ੀ ਸਾਰਾ ਜਾਨੀ ਨੁਕਸਾਨ ਕਰ ਕੇ ਸਾਰਾ ਮਾਲ ਅਸਬਾਬ ਵੀ ਸਿੰਘ ਖੋਹ ਕੇ ਲੈ ਗਏ। ਕੰਪੂ ਉਤੇ ਰਾਤ ਨੂੰ ਛਪੇਲ ਤਾਂ ਨਿਤ ਦਾ ਕੰਮ ਬਣ ਗਿਆ ਸੀ। ਫ਼ੌਜ ਲਈ ਆਉਣ ਵਾਲਾ ਰਸਦ-ਪਾਣੀ ਤੇ ਦਾਣਾ-ਪੁਠਾ ਸੱਭ ਲੁਟ ਲਿਆ ਜਾਂਦਾ। ਇਕ ਭਾਰਾ ਕਾਰਵਾਂ, ਜਿਸ ਵਿਚ ੩੦੦ ਉਠ ਅਫ਼ਗਾਨਿਸਤਾਨ ਦਿਆਂ ਖੁਸ਼ਕ ਮੇਵਿਆਂ ਨਾਲ ਲੱਦੇ ਹੋਏ ਸਨ, ਰਾਖੀ ਲਈ ਨਾਲ ਤਕੜੇ ਅਫ਼ਗਾਨ ਫੌਜੀ ਦਸਤੇ ਸਨ, ਰਾਹ ਵਿਚ ਘੇਰ ਕੇ ਸਭ ਕੁਝ ਖੋਹ ਲਿਆ ਤੇ ਰਾਖਿਆਂ ਦੇ ਟੁਕੜੇ ਟੁਕੜੇ ਕਰ ਦਿਤੇ। ਚੰਬੇ ਦੇ ਰਾਜੇ ਵਲੋਂ ਸ਼ਾਹ ਨੂੰ ਫ਼ੌਜਾਂ ਲਈ ਭੇਜੇ ਆਟੇ ਤੇ ਦਾਣੇ ਦੀਆਂ ਲਦੀਆਂ ਖ਼ਚਰਾਂ ਤੇ ਉਠਾਂ ਦੇ ਆਉਣ ਦੀ ਸੂਹ ਖਾਲਸੇ ਨੂੰ ਮਿਲ ਲਈ। ਤਾਲਾਪੁਰ ਲਾਗੇ ਇਹ ਲੱਦਿਆ ਪਥਿਆ ਕਾਰਵਾਂ ਘੇਰ ਲਿਆ। ਰਾਖੇ ਫੌਜੀ ਕਤਲ ਕਰ ਦਿਤੇ ਗਏ ਤੇ ਰਸਦ-ਪਾਣੀ ਤੇ ਦਾਣਾ-ਫੱਕਾ ਲੰਗਰ ਤੇ ਘੋੜਿਆਂ ਦੇ ਕੰਮ ਆਇਆ।[੯]

ਸ਼ਾਹ ਦੀ ਇਸ ਮੰਦੀ ਹਾਲਤ ਦਾ ਨਕਸ਼ਾ ਬੜੇ ਵੇਰਵੇ ਨਾਲ ਇਕ ਖ਼ਤ ਵਿਚ ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ ਵਿਚੋਂ ਮਿਲਦਾ ਹੈ। ਇਹ ਇਕ ਸਮਕਾਲੀ ਅਖ਼ਬਾਰ-ਨਵੀਸ ਹੈ, ਜਿਸ ਨੇ ਵੇਖੇ ਡਿਠੇ ਹਾਲਾਂ ਨੂੰ ਇੰਜ ਬਿਆਨ ਕੀਤਾ ਹੈ—

"ਸ਼ਾਹ ਦਾ ਹੁਕਮ ਹਾਸਲ ਤੇ ਰੋਅਬ ਦਾਬ ਓਨੇ ਕੁ ਥਾਂ ਤੇ ਹੀ ਹੈ ਜਿੰਨਾ ਕੁ ਉਸ ਦੀ ਫੌਜ ਦੇ ਪੈਰਾਂ ਥੱਲੇ ਹੈ। ਸਿੰਘਾਂ ਨਾਲ ਇਲਾਕੇ ਦੇ ਵਸਨੀਕ ਜ਼ਿਮੀਦਾਰਾਂ ਦਾ ਵਰਤਾਉ ਤੇ ਮੇਲ-ਜੋਲ ਏਨਾ ਨਿੱਘਾ ਤੇ ਅਪਣੱਤ ਵਾਲਾ ਹੈ ਕਿ ਰਾਤ ਪੈਂਦਿਆਂ ਇਹ ਆਮ ਤੌਰ ਤੇ ਇਨ੍ਹਾਂ ਦੇ ਘਰਾਂ ਵਿਚ ਆ ਜਾਂਦੇ ਹਨ ਜਿਥੇ ਇਨ੍ਹਾਂ ਦੀ ਖੂਬ ਟਹਿਲ ਸੇਵਾ ਹੁੰਦੀ ਹੈ। ਰਾਤ ਚੈਨ ਨਾਲ ਕਟ ਕੇ ਸਵੇਰੇ ਇਨ੍ਹਾਂ ਘਰਾਂ ਤੋਂ ਨਿਕਲ ਤੁਰਦੇ ਹਨ ਤੇ ਆਣ ਸ਼ਾਹ ਦੀ ਫੌਜ ਦੁਆਲੇ ਹੁੰਦੇ ਹਨ ਤੇ ਸਾਰਾ ਸਾਰਾ ਦਿਨ ਵਖਤ ਪਾਈ ਰਖਦੇ ਹਨ। ਹਾਲਤ ਇਹ ਬਣੀ ਹੋਈ ਹੈ ਕਿ ਜੇ ਸ਼ਾਹ ਦੋਹਾਂ ਦਰਿਆਵਾਂ, ਭਾਵ ਸਤਲੁਜ ਤੇ ਬਿਆਸ ਵਿਚਕਾਰ ਰਹਿੰਦਾ ਹੈ ਤਾਂ ਇਹ ਫ਼ੌਜ ਦੇ ਦੁਆਲੇ ਘੇਰੇ ਘਤੀ ਰਖਦੇ ਹਨ ਤੇ ਬਹੁਤ ਜ਼ਿਚ ਕਰਦੇ ਹਨ, ਪਰ ਜਦ ਪਾਤਸ਼ਾਹ ਸਰਹਿੰਦ ਵਲ ਨੂੰ ਰਵਾਨਾ ਹੋ ਜਾਂਦਾ ਹੈ ਤਾਂ ਉਸ ਦੇ ਪਿਠ ਮੋੜਦੇ ਹੀ ਸਾਰਾ ਇਲਾਕਾ ਕਾਬੂ ਕਰ ਕੇ ਮਾਲਕ ਬਣ ਬਹਿੰਦੇ ਹਨ।"[੧੦]

ਜਲੰਧਰ ਦੁਆਬਾ ਵਿਚ ਅਹਿਮਦ ਸ਼ਾਹ ਨੇ ਭਰਪੂਰ ਯਤਨ ਕੀਤੇ ਕਿ ਕਿਸੇ ਡੀਲ ਸਿਖਾਂ ਨੂੰ ਇਕ ਤਕੜੀ ਸੱਟ ਮਾਰ ਸਕੇ। ਉਸ ਨੇ ਸਿਖਾਂ ਨੂੰ ਘੇਰੇ ਵਿਚ ਲੈਣ ਦੀ ਤੇ ਪਿਛਾ ਕਰਕੇ ਮਾਰਨ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ, ਪਰ ਸਿੰਘਾਂ ਉਸ ਦੀ ਇਕ ਨਾ ਚਲਣ ਦਿਤੀ। ਅਬਦਾਲੀ ਘਲੂਘਾਰੇ ਵਾਲੀਆਂ ਗੱਲਾਂ ਭਾਲਦਾ ਸੀ। ਓਦੋਂ ਬਾਲ ਬੱਚਾ, ਬੁੱਢੇ ਤੇ ਬੀਮਾਰ ਜਾਂ ਜ਼ਖ਼ਮੀ ਵਹੀਰ ਦੀ ਸ਼ਕਲ ਵਿਚ ਨਾਲ ਹੋਣ ਕਰਕੇ ਭਾਵੇਂ ਸਿੰਘ ਕਸੂਤੇ ਫਸ ਗਏ ਸਨ, ਪਰ ਫ਼ਿਰ ਵੀ ਇਸ ਨੂੰ ਅਬਦਾਲੀ ਦੀ ਜਿਤ ਨਹੀਂ ਮੰਨਿਆ ਜਾ ਸਕਦਾ। ਤੇ ਹੁਣ ਜਦ ਸਿੰਘ ਵਹੀਰ ਦੇ ਝੰਜਟ ਤੋਂ ਅਟੰਕ ਸਨ, ਉਹ ਅਬਦਾਲੀ ਨੂੰ ਕੀ ਲਈ ਬੈਠੇ ਸਨ। ੧੮ ਜਨਵਰੀ ਤੋਂ ਲੈ ਕੇ ਸਾਰਾ ਫਰਵਰੀ ਦਾ ਮਹੀਨਾ ਉਹ ਦੁਆਬਾ ਵਿਚ ਹੀ ਸਿੰਘਾਂ ਨਾਲ ਜੁਟਿਆ ਰਿਹਾ। ਬੜਾ ਹੀ ਦੁਖੀ ਰਿਹਾ। ਨਸੀਰ ਖਾਨ ਨੇ ਸਾਰਾ

---

੯ਕੈਲੰਡਰ ਆਫ਼ ਪਰਸ਼ੀਅਨ ਕਾਰਸਪਾਂਡੈਂਸ–ii, ਸਫ਼ਾ ੧੦੭ ਸੀ, ੧੩੮ ਏ।
੧੦ ,, ,, ,, ,, ii, ਸਫ਼ਾ ੧੬੧ ਏ।



www.AKJ.Org

ਸਮਾਨ ਵੀ ਖੁਹਾ ਲਿਆ ਸੀ ਤੇ ਬੜੀ ਭਾਰੀ ਹਾਰ ਸਿੰਘਾਂ ਦੇ ਹੱਥੋਂ ਇਕ ਡਟਵੀਂ ਘਮਸਾਨ ਦੀ ਲੜਾਈ ਵਿਚ ਖਾਧੀ ਸੀ। ਇਸ ਤੇ ਅਹਿਮਦ ਸ਼ਾਹ ਉਸ ਨਾਲ ਬੜਾ ਨਾਰਾਜ਼ ਹੋਇਆ ਸੀ। ਏਨਾ ਗੁਸੇ ਹੋਇਆ ਸੀ ਕਿ ਉਸ ਨੂੰ ਮੁਲਾਕਾਤ ਦਾ ਮੌਕਿਆ ਵੀ ਨਾ ਦਿਤਾ। ਹੁਣ ਉਹ ਸ਼ੁਰੂ ਮਾਰਚ ਵਿਚ ਸਤਲੁਜ ਟਪਿਆ ਤੇ ਮਾਕੜੀ, ਗਿਧਾ, ਪਟਿਆਲਾ, ਬਨੂੜ ਰਾਹੀਂ ਹੁੰਦਾ ਹੋਇਆ ਅੰਬਾਲੇ ਦੇ ਵੀਹ ਮੀਲ ਦਖਣ ਵਿਚ ਇਸਮਾਈਲਾ ਬਾਦ ਪਹੁੰਚ ਗਿਆ। ਏਥੇ ੯ ਮਾਰਚ ਨੂੰ ਨਜੀਬੁਦੌਲਾ ਉਸ ਦੀ ਸੇਵਾ ਵਿਚ ਹਾਜ਼ਰ ਹੋਇਆ।[੧੧]

ਦੂਜੇ ਪਾਸੇ ਅਹਿਮਦ ਸ਼ਾਹ ਦੇ ਸਤਲੁਜ ਟਪਦਿਆਂ ਹੀ ਰਾਵੀ ਤੇ ਸਤਲੁਜ ਦੇ ਵਿਚਕਾਰ ਦਾ ਸਾਰਾ ਇਲਾਕਾ ਸਿਖਾਂ ਨਿਵਾ ਕੇ ਆਪਣੇ ਥਲੇ ਕਰ ਲਿਆ। ਲਾਹੌਰ ਨੂੰ ਕਾਬੂ ਕਰ ਕੇ ਉਥੇ ਆਪਣੀ ਫੌਜ ਬਿਠਾ ਦਿਤੀ।[੧੨]

## ਸ਼ਾਹ ਤੋਂ ਭੈ-ਵਸ ਹੋ ਕੇ ਅੰਗਰੇਜ਼ਾਂ ਦੀਆਂ ਵਿਉਂਤਾਂ–

ਹਿੰਦੁਸਤਾਨੀ ਰ ਜਿਆਂ ਨਵਾਬਾਂ ਵਿਚੋਂ ਇਕੱਲਾ ਨਜੀਬ ਹੀ ਸ਼ਾਹ ਨੂੰ ਮਿਲਿਆ ਸੀ। ਬਾਕੀਆਂ ਦੇ ਸਿਰਫ਼ ਵਕੀਲ ਹੀ। ਉਹ ਇਸ ਗੱਲੋਂ ਬੜਾ ਔਖਾ ਹੋਇਆ ਤੇ ਹੈਰਾਨੀ ਪਰਗਟ ਕਰਦਿਆਂ ਉਸ ਨਾਰਾਜ਼ਗੀ ਨਾਲ ਕਹਿਆ ਕਿ ਹਿੰਦੁਸਤ ਨੀ ਹਾਕਿਮ ਮੇਰੇ ਪ੍ਰਤੀ ਅਧੀਨਗੀ ਜ਼ਾਹਰ ਕਰਨ ਵਿਚ ਗਲੀਂ ਬਾਤੀਂ ਤਾਂ ਇਕ ਦੂਜੇ ਤੋਂ ਖ਼ੂਬ ਵਧ ਕੇ ਬਾਜ਼ੀ ਲੈਣ ਦੀ ਕੋਸ਼ਿਸ਼ ਕਰਦੇ ਹਨ, ਪਰ ਕਿਡੀ ਕੁਹਜੀ ਗੱਲ ਹੈ ਕਿ ਦਿਲੀਓਂ ਪਰੇ ਦਾ ਕੋਈ ਵੀ ਹਿੰਦੁਸਤਾਨੀ ਹਾਕਿਮ ਨਿਜੀ ਤੌਰ ਤੇ ਮੇਰੀ ਨਜ਼ਰੋ-ਨਿਆਜ਼ ਤੇ ਸਲਾਮੀ ਨੂੰ ਨਹੀਂ ਆਇਆ। ਈਸਟ ਇੰਡੀਆ ਕੰਪਨੀ ਦੇ ਹਾਕਮਾਂ, ਜਿਨ੍ਹਾਂ ਹਿੰਦੁਸਤਾਨ ਵਿਚ ਅੰਗਰੇਜ਼ੀ ਸ਼ਾਮਰਾਜ ਦੀ ਜਕੜ ਦੀ ਬੁਨਿਆਦ ਰਖੀ ਸੀ, ਦੀ ਦੋਗਲੀ ਪਾਲਸੀ ਦੇ ਲੂਮੜ-ਪੇਚਿਆਂ ਦੀ ਦਿਲਚਸਪ ਜਾਣਕਾਰੀ ਪਾਠਕਾਂ ਲਈ ਦੇ ਦੇਣੀ ਜ਼ਰੂਰੀ ਹੈ। ਮੀਰ ਕਾਸਿਮ (ਮੀਰ ਜਾਅਫ਼ਰ ਦਾ ਪੁਤ)ਜਿਸ ਦੀ ਇਸ ਵੇਲੇ ਅੰਗਰੇਜ਼ਾਂ ਨਾਲ ਖੜਕ ਰਹੀ ਸੀ, ਦਾ ਵਕੀਲ ਸ਼ਾਹ ਦੇ ਕੰਪੂ ਵਿਚ ਹ ਜ਼ਰ ਸੀ। ਬੰਗਾਲ ਵਿਚ ਅੰਗਰੇਜ਼ ਇਸ ਦੀ ਹਾਜ਼ਰੀ ਤੋਂ ਬੜੇ ਤਭਕ ਰਹੇ ਸਨ। ਉਨ੍ਹਾਂ ਨੂੰ ਇਹ ਤੌਖਲਾ ਖਾਈ ਜਾ ਰਿਹਾ ਸੀ ਕਿ ਵਜ਼ੀਰ ਸੁਜਾਹਉਦੌਲਾ ਤੇ ਪਾਤਸ਼ਾਹ ਸ਼ਾਹ ਆਲਮ, ਜਿਨ੍ਹਾਂ ਨਾਲ ਉਨ੍ਹਾਂ ਨੇ ਗਾਂਢਾ-ਸਾਂਢਾ ਕਰ ਕੇ ਆਪਣੇ ਸੰਬੰਧ ਬੜੇ ਚੰਗੇ ਬਣਾ ਲਏ ਸਨ, ਜੇ ਅਹਿਮਦ ਸ਼ਾਹ ਅਬਦਾਲੀ ਨਾਲ ਰਲ ਗਏ, ਤਾਂ ਉਨ੍ਹਾਂ ਦੇ ਸੰਬੰਧ ਟੁਟ ਜਾਣਗੇ, ਜੋ ਰਾਜਨੀਤਕ ਤੌਰ ਤੇ ਉਨ੍ਹਾਂ ਲਈ ਬੜੇ ਘਾਤਕ ਹੋਣਗੇ। ਉਨ੍ਹਾਂ ਵਜ਼ੀਰ ਤੇ ਪਾਤਸ਼ਾਹ ਸ਼ਾਹ ਆਲਮ ਅਗੇ ਲਿਲ੍ਹਕਣੀਆਂ ਲਈਆਂ ਕਿ ਉਹ ਦੁਰਾਨੀ ਪਾਤਸ਼ਾਹ ਦੀ ਖ਼ਿਦਮਤ ਵਿਚ ਹਾਜ਼ਰ ਨਾ ਹੋਣ, ਨਾ ਹੀ ਉਸ ਨੂੰ ਰੁਪੈ ਪੈਸੇ ਦੀ ਸਹਾਇਤਾ ਦੇਣ, ਸਗੋਂ ਚੰਗੀ ਤਰ੍ਹਾਂ ਤਿਆਰੀ ਕਰਨ, ਉਸ ਦਾ ਟਾਕਰਾ ਕਰਨ ਲਈ, ਜੇਕਰ ਉਹ ਦਿਲੀ ਵੱਲ ਵਧੇ। ਰੁਹੇਲਿਆਂ, ਜਾਟਾਂ, ਮਰਹੱਟਿਆਂ ਨੂੰ ਵੀ ਤਖਣਾ ਦਿਤੀ ਕਿ ਸਾਰੇ ਮਿਲ ਕੇ ਇਕ ਧੜਾ ਬਣਾ ਲਵੋ ਤੇ ਅਹਿਮਦ ਸ਼ਾਹ ਦੇ ਟਾਕਰੇ ਲਈ ਡਟ ਜਾਵੋ।

ਜੇ ਲੋੜ ਪਈ ਤਾਂ ਈਸਟ ਇੰਡੀਆ ਕੰਪਨੀ ਪੂਰੀ ਪੂਰੀ ਸਹਾਇਤਾ ਕਰੇਗੀ। ਪਰ ਸ਼ਾਹ ਨੇ ਮਰਹੱਟਿਆਂ ਨਾਲ ਜੋ ਪਾਨੀਪੱਤ ਦੇ ਮੈਦਾਨ ਵਿਚ ਕੀਤੀ ਸੀ, ਉਸ ਨਾਲ ਹਿੰਦੁਸਤਾਨੀ ਰਾਜਿਆਂ ਦੇ ਐਸੇ ਦਿਲ ਹਿਲੇ ਹੋਏ ਸਨ ਤੇ ਅਹਿਮਦ ਸ਼ਾਹ ਦੀ ਇਸ ਮਾਰ ਦਾ ਛੇ ਸਾਲ ਬਾਅਦ ਵੀ ਏਨਾ ਡਰ ਸੀ ਕਿ ਉਹ ਫ਼ੈਸਲਾ ਹੀ ਨਾ ਕਰ ਸਕੇ ਕਿ ਸ਼ਾਹ ਵੱਲ ਹੋਈਏ ਜਾਂ ਇਸ ਤੋਂ ਹਟ ਕੇ ਦੂਜੇ ਪਾਸੇ ਜਾਈਏ। ਸ਼ਾਹ ਤਾਂ ਉਨ੍ਹਾਂ ਦੀ ਨਿਗਾਹ ਵਿਚ ਇਕ

---

੧੧ ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ–ii,ਸਫ਼ਾ ੧੦੭ ਸੀ ਤੇ ਡੀ, ੧੩ ਏ, ੨੧੩, ੨੧੪,
੨੩੪, ੨੫੪, ੨੬੬, ੪੧੫

ਦੇਹਲੀ ਕਰਾਨੀਕਲ–ਸਫ਼ਾ ੨੧੧

ਸਯੱਦ ਨੂਰੁਦੀਨ ਹੁਸੈਨ ਖਾਨ–ਤਾਰੀਖ-ਏ-ਨਜੀਬੁਦੌਲਾ, ਸਫਾ ੧੦੯ ਬੀ, ੧੧੦ ਏ।

੧੨ ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ ii, ਸਫ਼ਾ ੨੧੩



www.AKJ.Org

ਅਜਿੱਤ ਸ਼ਕਤੀ ਸੀ। ਪਰ ਏਨੇ ਨੂੰ ਸ਼ਾਹ ਦੀ ਅਜਿੱਤ ਸ਼ਕਤੀ ਦਾ ਭੁਲੇਖਾ ਪੰਜਾਬ ਦੀ ਧਰਤ ਉਤੇ ਸਿਖਾਂ ਕਢ ਛਡਿਆ ਸੀ। ਉਸ ਦੀ ਫ਼ੌਜ ਦੀ ਝੜੱਪਾਂ ਵਿਚ ਬਹੁਤ ਬੁਰੀ ਬਾਬ ਕੀਤੀ ਸੀ। ਇਸ ਹਾਲਤ ਨੇ ਇਨ੍ਹਾਂ ਰਾਜਿਆਂ ਦੇ ਮਨ ਬਦਲ ਦਿਤੇ। ਇਹੋ ਕਾਰਨ ਸੀ ਕਿ ਉਹ ਕੁਝ ਹੌਸਲਾ ਧਾਰ ਚੁਕੇ ਸਨ ਤੇ ਬੜੇ ਮਜ਼ਬੂਤ ਇਰਾਦੇ ਵਾਲੇ ਬਣ ਬੈਠੇ ਸਨ। ਏਸ ਲਈ ਉਹ ਕਿਸੇ ਪਾਸੇ ਛੇਤੀ ਛੇਤੀ ਨਹੀਂ ਝੁਕੇ ਸਨ।[੧੩]

ਸਿਖਾਂ ਹਥੋਂ ਹੋਈ ਅਬਦਾਲੀ ਨੂੰ ਹਾਰ ਦੀ ਖ਼ਬਰ ਕਲਕੱਤੇ ਦੇ ਅੰਗਰੇਜ਼ ਗਵਰਨਰ ਕਰਨਲ ਕਲਾਈਵ ਨੇ ਬੜੇ ਮਜ਼ੇ ਨਾਲ ਪੜ੍ਹੀ ਸੀ। ਕਲਕਤਿਓਂ ਇਕ ਪੱਤਰ ੧੯ ਫ਼ਰਵਰੀ ਨੂੰ ਅਵਧ ਦੇ ਨਵਾਬ ਵਜ਼ੀਰ ਨੂੰ ਲਿਖਿਆ ਇਸ ਪ੍ਰਕਾਰ ਹੈ, "ਲਾਟ ਸਾਹਿਬ ਕਲਾਈਵ ਨੂੰ ਉਸ ਦੀ ਚਿੱਠੀ, ਸਮੇਤ ਖ਼ਬਰਾਂ ਵਾਲਿਆਂ ਪਰਚਿਆਂ ਦੇ ਮਿਲ ਗਈ ਹੈ। ਉਨ੍ਹਾਂ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਈ ਹੈ ਕਿ ਅਹਿਮਦ ਸ਼ਾਹ ਦੀ ਪ੍ਰਗਤੀ ਨੂੰ ਸਿਖਾਂ ਠਲ੍ਹਾ ਪਾ ਦਿਤਾ ਹੈ। ਜੇ ਸਿਖ ਇਸ ਤਰ੍ਹਾਂ ਹੀ ਉਸ ਦੇ ਰਸਦ-ਪਾਣੀ ਤੇ ਦਾਣੇ ਪੱਠੇ ਨੂੰ, ਉਸ ਦੇ ਮਾਲ-ਅਸਬਾਬ ਤੇ ਜੰਗੀ ਸਾਜ਼ ਸਮਾਨ ਨੂੰ ਲੁਟਦੇ ਰਹੇ ਤਾਂ ਨਿਰਸੰਦੇਹ ਹੀ ਉਹ ਲੜਾਈ ਕਰਨ ਤੋਂ ਬਿਨਾਂ ਹੀ ਤਬਾਹ ਹੋ ਜਾਵੇਗਾ। ਇਸ ਹਾਲਤ ਵਿਚ ਜਾਂ ਤਾਂ ਵਾਪਸ ਆਪਣੇ ਦੇਸ਼ ਨੂੰ ਪਰਤ ਜਾਵੇਗਾ ਜਾਂ ਬਹੁਤ ਬੁਰੀ ਤਰ੍ਹਾਂ ਜ਼ਲੀਲ ਤੇ ਖੁਆਰ ਹੋ ਕੇ ਮਰੇਗਾ। ਜਿੰਨਾ ਚਿਰ ਤਕ ਉਹ ਸਿਖਾਂ ਦੀ ਤਾਕਤ ਨੂੰ ਤੋੜ ਨਹੀਂ ਲੈਂਦਾ, ਜਾਂ ਸੁਲਾਹ-ਸਫ਼ਾਈ ਕਰ ਕੇ ਉਨ੍ਹਾਂ ਨਾਲ ਮੇਲ-ਜੋਲ ਨਹੀਂ ਕਰ ਲੈਂਦਾ, ਉਦੋਂ ਤਕ ਹਿੰਦੁਸਤਾਨ ਵਿਚ ਭੋਰਾ ਵੀ ਅਗੇ ਵਧ ਸਕਣਾ ਉਸ ਲਈ ਬਹੁਤ ਕਠਨ ਹੈ। ਇਨ੍ਹਾਂ ਦੋਹਾਂ ਸੂਰਤਾਂ ਦੀ ਕੋਈ ਸੰਭਾਵਨਾ ਨਹੀਂ, ਕਿਉਂਕਿ ਸਿਖਾਂ ਦੀ ਲੜਾਈ ਦਾ ਢੰਗ ਹੀ ਐਸਾ ਜ਼ਬਰਦਸਤ ਹੈ, ਤੇ ਸਭ ਤੋਂ ਵੱਡੀ ਗੱਲ ਇਹ ਕਿ ਚੱਕ (ਗੁਰੂ ਕਾ ਚੱਕ, ਭਾਵ ਸ੍ਰੀ ਅੰਮ੍ਰਿਤਸਰ) ਦੇ ਢਾਹੇ ਜਾਣ ਪਿਛੋਂ ਤਾਂ ਸਿਖ ਸ਼ਾਹ ਦੇ ਕਟੜ ਵੈਰੀ ਬਣ ਗਏ ਹਨ ਤੇ ਉਸ ਨਾਲ ਸਖ਼ਤ ਘਿਰਨਾ ਕਰਨ ਲੱਗ ਪਏ ਹਨ।"[੧੪]

ਲਾਰਡ ਕਲਾਈਵ ਇਕ ਹੋਰ ਪੱਤਰ ਵਿਚ, ਜੋ ਉਸ ਨੇ ਸ਼ਾਹ ਵਲੀ ਖਾਨ ਨੂੰ ਉਸ ਦੇ ਜਵਾਬ ਵਿਚ ਲਿਖਿਆ ਸੀ, ਸ਼ਾਹ ਵਲੀ ਖਾਨ ਤੇ ਅਹਿਮਦ ਸ਼ਾਹ ਦੀ ਬਹੁਤ ਖ਼ੁਸ਼ਾਮਦ ਤੇ ਚਾਪਲੂਸੀ ਕਰਦਾ ਹੋਇਆ ਲਿਖਦਾ ਹੈ, "ਰੱਬ ਦਾ ਲੱਖ ਲੱਖ ਸ਼ੁਕਰ ਹੈ ਕਿ ਹਜ਼ੂਰ ਪਾਤਸ਼ਾਹ ਦੇ ਬਲੰਦ ਇਕਬਾਲ ਕਾਰਨ ਤੇ ਆਪ ਜੀ ਦੇ ਯੋਗ ਢੰਗਾਂ ਨਾਲ ਕਾਫ਼ਰ ਸਿਖਾਂ ਨੂੰ ਉਨ੍ਹਾਂ ਦੀਆਂ ਮੰਦੀਆਂ ਕਰਤੂਤਾਂ ਦੀ ਢੁਕਵੀਂ ਸਜ਼ਾ ਮਿਲੀ ਹੈ। ਹਜ਼ੂਰ ਦੇ ਇਕਬਾਲ ਤੇ ਸ਼ੁਹਰਤ ਦਾ ਜਹਾਨ ਵਿਚ ਚਹੁੰ ਕੂਟੀਂ ਡੰਕਾ ਵਜ ਗਿਆ ਹੈ। ਆਪ ਜੀ ਤੇ ਹਜ਼ੂਰ ਦੇ ਪੈਰੋਂ ਰੱਬ ਦਿਆਂ ਬੰਦਿਆਂ ਨੂੰ ਕਾਫ਼ਰ ਸਿਖਾਂ ਦੇ ਜ਼ੁਲਮੀ ਸ਼ਕੰਜੇ ਚੋਂ ਖਲਾਸੀ ਮਿਲੀ ਹੈ।[੧੫]

ਏਸੇ ਅੰਗਰੇਜ਼ ਗਵਰਨਰ ਲਾਰਡ ਕਲਾਈਵ ਨੇ ਇਕ ਹੋਰ ਥਾਂ ਤੇ ਆਪਣੀ ਰਾਏ ਦੇਂਦਿਆਂ ਕਿਹਾ ਹੈ "ਜਾਟ ਤੇ ਰੁਹੇਲੇ ਜੇ ਕਿਤੇ ਮਾਮੂਲੀ ਜਿਹੀ ਸਹਾਇਤਾ ਸਿਖਾਂ ਨੂੰ ਦੇ ਦੇਂਦਾ ਤਾਂ ਅਹਿਮਦਸ਼ਾਹ ਸਿਖਾਂ ਦੇ ਹਥੋਂ ਬੁਰੀ ਤਰ੍ਹਾਂ ਹਾਰਦਾ ਤੇ ਜ਼ਲੀਲ ਹੁੰਦਾ।"[੧੬]

ਸੁਹਿਰਦ ਪਾਠਕ, ਅੰਗਰੇਜ਼ ਹਾਕਮਾਂ ਦੀ ਇਖ਼ਲਾਕੀ ਪਧਰ ਤੇ ਮਕਾਰਾਂ ਵਾਲੀ **ਡਿਪਲੋਮੇਸੀ ਦਾ** ਮੁਲਾਹਜ਼ਾ ਕਰਨ।

(ਚਲਦਾ)

---

੧੩ ਦੇਹਲੀ ਕਰਾਨੀਕਲ ਕੈਲੰਡਰ ਆਫ ਪਰਸ਼ੀਅਨ ਕਾਰਸਪੋਂਡੈਂਸ iii

੧੪ ,, ,, ,, ,, ii, ਸਫ਼ਾ ੫੨

੧੫ ,, ,, ,, ,, ii, ਸਫ਼ਾ ੩੨੭

੧੬ ,, ,, ,, ,, ii, ਸਫ਼ਾ ੧੪੫



www.AKJ.Org

# ਜਬ ਲਗ ਖਾਲਸਾ ਰਹੇ ਨਿਆਰਾ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨਾਮੋਂ ਘੁਥੇ ਧਰਮ-ਹੀਨ ਆਨ ਮਤੀਆਂ ਸਾਕਤਾਂ ਕੁਸੰਗੀਆਂ ਦੇ ਨਾਲ ਮਿਲਗੋਭਾ ਹੋਣ ਕਰਕੇ ਖਾਲਸਾ ਜੀ ਦਾ ਤੇਜ ਪਰਤਾਪ ਘਟਦਾ ਹੈ, ਜੈਸਾ ਕਿ ਦਸਮੇਸ਼ ਜੀ ਦਾ ਸਿਖ ਪ੍ਰਤੀ ਇਸ ਬਿਧ ਹਿਤ ਉਪਦੇਸ਼ ਹੈ :–

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤਿ ॥ ਮੈ ਨ ਕਰਉ ਇਨ ਕੀ ਪ੍ਰਤੀਤ ॥

[ਸਰਬ ਲੋਹ ਗ੍ਰੰਥ

ਤਾਂਤੇ ਖਾਲਸੇ ਜੀ ਦਾ ਤੇਜ ਪਰਤਾਪ ਆਨਮਤੀਆਂ ਦੇ ਮਿਲਗੋਭਾਪਨ ਤੋਂ ਨਿਆਰਾ (ਨਿਰਾਲਾ) ਰਹਿਣ ਵਿਚ ਹੀ ਹੈ। ਆਨਮਤੀਆਂ ਵਿਖੇ ਮਿਲਗੋਭਾ ਹੋ ਜਾਣ ਵਿਚ ਖਾਲਸਾ ਪੰਥ ਦੀ ਨਿਰਾਲੀ ਹਸਤੀ ਹੀ ਨਹੀਂ ਰਹਿੰਦੀ ਅਤੇ ਖਾਲਸਾ ਪੰਥ ਨੂੰ ਬੇਦੀ ਕਤੇਬੀ ਦੋਹੂੰ ਪ੍ਰਕਾਰ ਦੀਆਂ ਭਿੰਨ ਭਿੰਨ ਸ਼੍ਰੇਣੀਆਂ ਦੇ ਅਨਮਤਾਂ ਵਿਚੋਂ ਨਿਆਰਾ ਅਤੇ ਨਿਰਾਲਾ ਕਰਨ ਦੀ ਲੋੜ ਸ੍ਰੀ ਦਸਮੇਸ਼ ਨੂੰ ਇਸ ਵਾਸਤੇ ਪਈ ਕਿ :–

ਦੋਹੂ ਪੰਥ ਮਹਿ ਕਪਟ ਵਿਦਯਾ ਚਲਾਨੀ ॥ ਬਹੁਰ ਤੀਸਰੋ ਪੰਥ ਕੀਜੈ ਪਰਧਾਨੀ ॥

ਦੇ ਸ੍ਰੀ ਮੁਖ ਬਚਨ ਅਨੁਸਾਰ ਸ੍ਰੀ ਦਸਮੇਸ਼ ਜੀ ਨੂੰ ਮਨਜ਼ੂਰ ਸੀ ਕਿ ਆਨਮਤੀਆਂ ਵਿਖੇ ਮਿਲਗੋਭਾ ਰਹਿਣ ਕਰਕੇ ਨਿਰੋਲ ਖਾਲਸਾ ਪੰਥ ਨੂੰ ਕਪਟ-ਪੰਥੀਆਂ ਦੀਆਂ ਕਪਟ ਕਰਤੂਤਾਂ, ਕਪਟ ਕੁਰਹਿਣੀਆਂ, ਕਪਟ ਕੁਰਹਿਤਾਂ, ਕਪਟ ਕੁਚਾਲਾਂ ਅਤੇ ਕਪਟ ਕੁਵਹਿਦਤਾਂ ਤੇ ਕਮਜ਼ੋਰੀਆਂ ਦਾ ਲੇਸ ਲਛਣ ਨ ਲਗਣਾ ਪਾਵੇ। ਜੇਕਰ ਸ੍ਰੀ ਦਸਮੇਸ਼ ਜੀ ਇਸ ਬਿਧਿ ਖਾਲਸਾ ਜੀ ਨੂੰ ਆਨਮਤੀਆਂ ਦੇ ਮਿਲਗੋਭੇ ਤੋਂ ਨਿਰਾਲਾ ਨ ਰਖਦੇ ਅਤੇ ਨਿਆਰਾ ਨ ਕਰ ਦਿੰਦੇ ਤਾਂ ਅਜ ਤਾਈਂ ਖਾਲਸਾ ਪੰਥ ਦੀ ਹਸਤੀ ਨੇ ਹੀ ਮਲੀਆਮੇਟ ਹੋ ਜਾਣਾ ਸੀ।

ਇਕ ਕੌਮ ਦੇ ਦੂਜੀ ਕੌਮ ਤੋਂ ਨਿਰਾਲਾ ਅਤੇ ਨਿਆਰੇ ਹੋਣ ਦੀ ਪਛਾਣ ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ-ਵਿਚ ਹੈ। ਸੋ ਖਾਲਸਾ ਇਸ ਪਛਾਣ ਦੇ ਸਰਬ ਅੰਗਾਂ ਵਿਚ ਹੀ ਆਨਮਤੀਆ ਤੋਂ ਨਿਰਾਲਾ ਅਤੇ ਵੱਖਰਾ ਹੈ। ਇਸ ਨਿਰਾਲਾਪਣ ਵਿਚ, ਇਸ ਵਖਰਾਪਣ ਵਿਚ ਖਾਲਸਾ ਪੰਥ ਦੀ ਸ਼ਾਨ ਦਿਨੋ ਦਿਨ ਸਵਾਈ, ਦੂਣ ਸਵਾਈ ਅਤੇ ਚੜ੍ਹਦੀ ਕਲਾ ਵਿਚ ਚੜ੍ਹਦੀ ਚਮਕਦੀ ਜਾਂਦੀ ਹੈ। ਕਿਉਂਕਿ ਮਿਲਗੋਭਾ ਨ ਰਹਿਣ ਵਿਚ ਖਾਲਸਾ ਪੰਥ ਦੀ ਸ੍ਰੇਸ਼ਟਤਾ ਵਿਲੱਖਣਤਾ ਗੱਜ ਵੱਜ ਕੇ ਪ੍ਰਗਟ ਪਹਾਰੇ ਪ੍ਰਕਾਸ਼ਤ ਹੋ ਜਾਂਦੀ ਹੈ।

ਇਸ ਚੜ੍ਹਦੀ ਕਲਾ ਦੇ ਮੌਜ-ਬਹਾਰੀ ਰੰਗ ਵਿਚ ਖਾਲਸਾ ਜੀ ਦੇ ਆਨਮਤੀਆਂ ਤੋਂ ਵਖਰਾ ਹੋਣ ਅਤੇ ਨਿਰਾਲਾ ਰਹਿਣ ਕਰਿ, ਖਾਲਸਾ ਜੀ ਨੂੰ ਨਫ਼ਰਤ ਅਤੇ ਬੇਇਤਫ਼ਾਕੀ ਦੇ ਬਿਥਾਰਕ ਹੋਣ ਦੀ ਕਲੰਕ ਭਰੀ ਲੀਕ ਭੀ ਨਹੀਂ ਲੱਗ ਸਕਦੀ, ਕਿਉ ਕਿ ਖਾਲਸਾ ਪੰਥ ਦੀ ਸਾਜਨਾ ਹੀ ਪਰਉਪਕਾਰ ਨਮਿਤ ਹੈ। ਖਾਲਸਾ ਜੀ ਦਾ ਬਿਰਦ ਹੈ ਕਿ ਦੀਨਾਂ ਦੁਖੀਆਂ ਨੂੰ, ਭਾਵੇਂ ਉਹ ਕਿਸੇ ਭੀ ਮੱਤ ਵਿਚੋਂ ਹੋਵਣਿ, ਦੋਖੀਆਂ ਜ਼ਾਲਮਾਂ ਕੋਲੋਂ ਉਭਾਰੇ। ਖਾਲਸਾ ਜੀ ਦਾ, ਖਾਲਸਾ ਪੰਥ ਦੇ ਬਾਨੀ ਮੁਬਾਨੀ ਸ੍ਰੀ ਗੁਰੂ ਦਸਮੇਸ਼ ਜੀ ਦਾ ਪਰਮ ਧਰਮ ਮੁਖ ਉਪਕਾਰ ਹੀ ਇਹ ਹੈ ਕਿ ਸਰਬ ਸੰਸਾਰੀਆਂ ਨੂੰ, ਸੰਸਾਰ ਭਰ ਦੇ ਪ੍ਰਾਣੀ ਮਾਤਰ ਨੂੰ (ਭਾਵੇਂ ਕਿਸੇ ਮੱਤ-ਮਤਾਂਤਰ, ਬਰਨ ਅਬਰਨ, ਜਾਤ ਜਨਮ, ਨਸਲ ਕੁਨਸਲ, ਦੇਸ ਬਿਦੇਸ ਵਿਚੋਂ ਕੋਈ ਹੋਵੈ) ਨਾਮ-ਅੰਮ੍ਰਿਤ ਜੀਅ ਦਾਨ ਦੇ ਕੇ ਅਤੇ ਭਗਤੀ ਪ੍ਰਾਇਣ ਕਰ ਕੇ ਅਕਾਲ ਪੁਰਖ ਦੇ ਨਾਲ ਮਿਲਾਇਆ ਜਾਵੇ। ਇਸ ਤੋਂ ਵਧ ਕੇ ਸੱਚਾ ਪ੍ਰੇਮ, ਸੱਚਾ ਜਿਗਰੀ ਪ੍ਰੇਮ ਹੋਰ ਕੀ ਹੋ ਸਕਦਾ ਹੈ ? ਇਸ ਤੋਂ ਵਧ ਕ ਇਤਫ਼ਾਕ, ਸੱਚੇ ਇਤਫ਼ਾਕ, ਨੀਚ ਊਚ ਨੂੰ ਇਕਸ ਸਮਾਨ ਕਰਿ ਦਿਖਾਵਣ ਦੀ ਸੱਚੀ ਮੇਅਰਾਜ ਤੇ ਇਕ-ਸਾਰ ਇਕੋ ਪਟੜੀ ਤੇ ਲਿਆ ਦੇਣ ਵਾਲੇ ਇਤਫ਼ਾਕ ਦੀ ਹੋਰ ਕੀ ਮਸਾਲ ਹੋ ਸਕਦੀ ਹੈ ? ਸ੍ਰਿਸ਼ਟੀ ਭਰ ਨੂੰ ਇਕਸਾਰ ਇਕ-ਜਾਨ ਕਰ ਕੇ ਸੁੱਚੀ ਉਚਾਣ



www.AKJ.Org

ਉਤੇ ਲੈ ਜਾਣ ਦਾ ਨਿਰਾਲਾ ਢੰਗ ਇਹ ਖਾਲਸਾ ਜੀ ਦਾ ਨਿਰਲੇਪ ਚੜ੍ਹਦੀਆਂ ਕਲਾਵਾਂ ਵਿਚ ਨਿਰਾਲੇ ਰਹਿਣਾ ਹੀ ਹੈ। ਧਰਮ-ਹੀਣ ਬੇਦੀਨ ਪੁਰਸ਼ਾਂ ਵਿਚ ਨਿਰਲੇਪ ਨਿਰਾਲੇ ਰਹਿ ਕੇ ਆਪਣੀ ਨਿਰਾਲੀ ਰਹਿਣੀ ਦੇ ਧਰਮ-ਪੁੰਜ ਉਪਕਾਰੀ ਔਜ ਵਾਲੇ ਪਰਮਾਰਥੀ ਪੂਰਨਿਆਂ ਸੰਪੰਨ ਪਵਿੱਤਰ ਜੀਵਨ ਦੇ ਆਕ੍ਰਖਣੀ ਅਕਸ ਸੰਸਾਰੀਆਂ ਦੇ ਤਰੱਕੇ ਹੋਏ ਜੀਵਨਾਂ ਉਤੇ ਪਾਉਣਾ ਪਰਲੇ ਦਰਜੇ ਦਾ ਪਰਉਪਕਾਰ ਅਤੇ ਪ੍ਰੇਮ ਹੈ। ਏਸੇ ਪ੍ਰੇਮ ਤੋਂ, ਏਸ ਪਰਉਪਕਾਰੀ ਜੀਵਨ ਦੀ ਪਰਮ ਰੌ ਪੈਦਾ ਕਰਨ ਵਾਲੀ ਕਣੀ ਤੋਂ ਸੱਚੇ ਅਤੇ ਨਿੱਘਰ ਪ੍ਰੇਮ-ਇਤਫ਼ਾਕ ਦੀ ਬੁਨਿਆਦ ਬਝਦੀ ਹੈ।

ਜੋ ਜੀਵਨ ਤਰੱਕੇ ਹੋਏ ਸੰਸਾਰੀਆਂ ਦੀ ਪੰਕਜ ਕਰਨੀ, ਨੀਚ ਕਰਨੀ, ਨਿਘਰਤ ਕਰਨੀ ਵਿਚ ਗਰਤ ਹੋ ਗਿਆ, ਉਹ ਤਾਂ ਆਪ ਹੀ ਨਿਘਰ ਗਿਆ; ਉਸ ਨੇ ਦੂਸਰਿਆਂ ਨੂੰ ਕੀ ਉਭਾਰਨਾ ਹੈ। ਅਨਮਤੀਆਂ ਦੇ ਧਰਮਹੀਨ ਅਚਾਰ ਰਹਿਤ ਸੰਸਕਾਰ ਕਰਮਾਂ ਵਿਚ ਸੰਮਿਲਤ ਹੋ ਜਾਣਾ ਕਿਧਰਲਾ ਪ੍ਰੇਮ ਇਤਫ਼ਾਕ ਹੈ? ਜਿਸ ਦੇ ਨਾਲ ਸਾਡਾ ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ ਨਹੀਂ ਮਿਲਦਾ, ਉਸ ਨੂੰ ਉਸ ਦਸ਼ਾ ਤੋਂ ਉਭਾਰੇ ਬਿਨਾਂ ਅਤੇ ਉਸ ਨੂੰ ਜੀਵਨ-ਗੁੜ੍ਹਤੀ ਦਿਤੇ ਬਿਨਾਂ, ਉਸ ਦੇ ਨਾਲ ਖਾਣ ਪਾਨ ਆਦਿਕ ਵਿਚ ਲੰਪਤ ਅਤੇ ਚਗਲ ਹੋ ਜਾਣਾ ਕੋਈ ਪ੍ਰੇਮ ਇਤਫ਼ਾਕ ਦਾ ਪਰਚਾਰ ਕਰਨਾ ਨਹੀਂ, ਸਗੋਂ ਅਪ੍ਰੇਮ ਅਧਰਮ ਵਿਥਾਰਨਾ ਹੈ। ਖਾਲਸਾ ਜੀ ਦਾ ਆਸ਼ਾ ਅਸਲ ਹੈ ਸਦਾ ਚੜ੍ਹਦੀ ਕਲਾ ਵਾਲੇ ਉਚ ਮਤੇ ਦਾ, ਅਤੇ ਧਰਮ ਹਿਤ, ਦੀਨ-ਰਖਿਆ ਹਿਤ ਅਤੇ ਦੇਸ਼-ਰਖਿਆ ਹਿਤ ਮਰਨ ਮਾਰਨ ਵਾਲੇ ਬੀਰ ਰਸ ਦਾ। ਕਿਸੇ ਆਨਮਤੀ ਗੁਆਂਢੀ ਕੌਮ ਦਾ ਜੇ ਆਸ਼ਾ ਅਸੂਲ ਇਸ ਤੋਂ ਭਿੰਨ ਕਰਾੜਾਂ ਵਾਲੀ ਕਾਇਰਤਾ ਦਾ ਹੋਵੇ ਤਾਂ ਕੀ ਅਸਾਡਾ ਉਸ ਕੌਮ ਦੇ ਨਾਲ ਅਸਲੀ ਅਤੇ ਜਿਗਰੀ ਇਤਫ਼ਾਕ ਹੋ ਸਦਕਾ ਹੈ? ਅਤੇ ਨਿਭ ਸਕਦਾ ਹੈ? ਖਾਲਸਾ ਜੀ ਦਾ ਆਸ਼ਾ ਅਸੂਲ ਹੈ—

ਨਾਨਕ ਹੋਰਿ ਪਾਤਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥੧੧॥

[ਸਲੋਕ ਮਹਲਾ ੩, ਪੰਨਾ ੧੬੧੩

ਗੁਰਵਾਕ ਦੇ ਭਾਵ ਅਨੁਸਾਰ ਸੱਚੇ ਅਬਚਲ ਅਬਿਨਾਸ਼ੀ ਪਰਮਾਰਥੀ ਰਾਜ ਮਾਨਣ ਦੀ, ਆਤਮ-ਤ੍ਰੰਗੀ-ਮੌਜ-ਮਸਤੀ ਵਿਚ ਸੰਸਾਰ ਦੇ ਕੂੜਾਵੇ ਰਾਜ ਸਾਜ ਦੀ ਚਾਹ, ਤ੍ਰਿਸ਼ਨਾ ਤੋਂ ਸਦਾ ਨਿਰਚਾਹ ਬੇ-ਪਰਵਾਹ ਰਹਿਣਾ ਅਤੇ ਧਰਮ-ਸ਼ੂਨ, ਨਾਮ ਬਿਹੂਨ ਆਨਮਤੀਆਂ ਦਾ ਆਸ਼ਾ ਅਸੂਲ ਹੋਵੇ ਸੰਸਾਰ ਦੀ ਮਾਇਕ ਤ੍ਰਿਸ਼ਨਾ ਭਰੀ ਸੁਰਾਜ ਦੀ ਕੂੜਾਵੀ ਚਾਹ ਅਤੇ ਮੰਗਤਿਆਂ ਵਾਲੀ ਕੰਗਲੀ ਮੰਗ। ਅਤੇ ਖਾਲਸਾ ਜੀ ਦਾ ਆਸ਼ਾ ਅਸੂਲ ਹੈ ਸਿਰੀ ਸਾਹਿਬ ਦੇ ਜ਼ੋਰ ਅਧਰਮ ਦਾ ਨਾਸ ਕਰਨਾ ਅਤੇ ਜ਼ੁਲਮ ਰਹਿਤ ਧਰਮ ਦੇ ਰਾਜ, ਹਲੇਮੀ ਰਾਜ ਦਾ ਬਿਥਾਰਨਾ ਫੈਲਾਵਣਾ। ਅਤੇ ਆਨਮਤੀਆਂ ਦਾ ਆਸ਼ਾ ਅਸੂਲ ਹੋਵੇ ਜ਼ਾਲਮ ਤੋਂ ਡਰਦੇ ਮਾਰੇ ਜ਼ੁਲਮ ਸਹਾਰਨ ਦੀ, ਸੱਚੀ ਸ਼ਹਿਨ-ਸ਼ੀਲਤਾ ਹੀਣੀ ਸ਼ੁਸ਼ਕ ਹੱਠ-ਅਧੀਨੀ ਸ਼ਾਂਤਮਈ ਪਾਲਿਸੀ, ਆਪਣਾ ਧਰਮ ਕਰਮ ਗੰਵਾ ਕੇ ਭੀ ਸਹੇੜੀ ਰਖਣੀ। ਤਾਂ ਫਿਰ ਖਾਲਸਾ ਜੀ ਦਾ ਤੇ ਅਜਿਹੀ ਆਨਮਤੀ ਕੌਮ ਦਾ ਇਤਫਾਕ ਕਿਹਾ?

ਫੇਰ ਖਾਲਸਾ ਜੀ ਦਾ ਇਸ਼ਟ ਰਹਿਬਰ ਹੈ ਸਰਬੱਗ ਸਤਿਗੁਰੂ ਗੁਰਦੇਵ, ਅਤੇ ਕਿਸੇ ਆਨਮਤੀ ਕੌਮ ਦਾ ਰਹਿਬਰੀ ਇਸ਼ਟ ਹੋਵੇ ਕੋਈ ਅਲਪਗ ਇਖ਼ਲਾਕੀ ਆਗੂ ਰੀਫ਼ਾਰਮਰ। ਅਤੇ ਖਾਲਸਾ ਜੀ ਦਾ ਵੱਡਾ ਗੁਰਮਤਾ ਹੈ ਆਪਣੇ ਅਕਾਲ ਪਠਾਏ ਗੁਰਦੇਵ ਦੇ ਅਕਾਲੀ ਅਸੂਲਾਂ ਉਤੇ ਚਲਣਾ ਅਤੇ ਆਨਮਤੀਆਂ ਦੀ ਮਨ-ਮੱਤ ਹੋਵੇ ਉਕਤ ਅਲਪਗ ਆਗੂ ਦੇ ਮਨ-ਘੜਤ ਮਸਲਿਆਂ ਦੀ ਪੂਛ ਫੜੀ ਰਖਣਾ, ਤਾਂ ਦਸੋ, ਅਸਾਡਾ ਅਤੇ ਐਸੇ ਆਨਮਤੀਆਂ ਦਾ ਜਿਗਰੀ ਇਤਫ਼ਾਕ ਕਿਕੂੰ ਬਣੇ? ਫੇਰ ਖਾਲਸਾ ਜੀ ਅੰਦਰ ਹੈ ਇਕ ਅਕਾਲ ਦੀ ਅਤੇ ਅਕਾਲ ਦੇ ਨਾਮ ਦੀ ਨਾਮ-ਨਾਮੀ ਅਭੇਦ ਉਪਾਸ਼ਨਾ, ਅਤੇ ਆਨਮਤੀਆਂ ਦੀ ਉਪਾਸ਼ਨਾ ਹੋਵੇ ਪ੍ਰਿਤਮਾ ਪੂਜਣ ਦੀ ਅਤੇ ਤੇਤੀ ਕ੍ਰੋੜ ਦੇਵਤਿਆਂ ਦੇ ਅਗੇ ਮੱਥੇ ਰਗੜਨ ਦੀ। ਤਾਂ ਭੀ ਖਾਲਸਾ ਜੀ ਅਤੇ ਅਜਿਹੇ ਆਨਮਤੀਆਂ ਦਾ ਅਜੋੜ ਹੀ ਰਿਹਾ ਅਤੇ ਅਸਲ ਇਤਫ਼ਾਕ ਨ ਹੋਣਾ ਪਾਇਆ। ਫੇਰ ਖਾਲਸਾ ਜੀ ਦੇ ਖਾਨ ਪਾਨ ਮਰਯਾਦਾ ਵਿਚ ਭੀ ਜ਼ਮੀਨ ਅਸਮਾਨ ਦਾ ਫ਼ਰਕ ਹੋਇਆ। ਖਾਲਸਾ ਜੀ ਨੇ ਨਿਰੇ ਜਿਹਬੀ ਰਸ ਦੀ ਖ਼ਾਤਰ ਜੀਵਾਂ ਨੂੰ



www.AKJ.Org

ਬੇਦਰਦੀ ਨਾਲ ਕੁਹ (ਕਟ) ਕੇ ਤਿਆਰ ਕੀਤੇ ਕੁੱਠੇ (ਮਾਸ) ਦੇ ਨੇੜੇ ਨਹੀਂ ਜਾਣਾ ਅਤੇ ਹੜੇ ਹਲਾਲ ਨੂੰ ਹਰਾਮ ਸਮਝਣਾ, ਪ੍ਰੰਤੂ ਅ'ਨਮਤੀਆਂ ਨੇ ਹਲਾਲ ਹਰਾਮ ਦੀ ਕੋਈ ਤਮੀਜ਼ ਨਾ ਰਖਦੇ ਹੋਏ ਭੱਖ ਅਭੱਖ ਨੂੰ ਹੜੱਪ ਕਰੀ ਜਾਣਾ। ਖਾਲਸਾ ਜੀ ਨੇ ਜਗਤ-ਜੂਠ (ਤਮਾਕੂ) ਬਿਖਿਆ ਨੂੰ ਬਿਖ ਸਮਾਨ ਸਮਝਦੇ ਹੋਏ ਉਸ ਦਾ ਧੂੰਆਂ ਤਕ ਲੈਣ ਤੋਂ ਭੀ ਪਰਹੇਜ਼ ਕਰਨਾ ਅਤੇ ਜਗਤ ਭਰ ਦੀਆਂ ਆਨ ਕੌਮਾਂ ਨੇ ਏਸੇ ਜਗਤ-ਜੂਠ ਨੂੰ ਸਭ ਅਹਾਰਾਂ ਤੋਂ ਪ੍ਰਿਆ ਅਹਾਰ ਸਮਝ ਕੇ ਇਸ ਦਾ ਸੇਵਨ ਕਰਨਾ। ਕੋਈ ਇਤਫਾਕ ਦੀ ਸੂਰਤ ਹੈ, ਪ੍ਰਸਪਰ ਅਸਾਡੇ ਅਤੇ ਸਮੂਹ ਆਣਮਤੀਆਂ ਵਿਖੇ ? ਕਦਾਚਿੱਤ ਨਹੀਂ। ਫੇਰ ਅਸਾਡਾ (ਖਾਲਸਾ ਜੀ ਦਾ) ਪਹਿਰਾਵਾ ਸ਼ਸ਼ਤਰਾਂ, ਸੁਰਮਈ ਅਕਾਲੀ ਬਸਤਰਾਂ ਦਾ ਅਤੇ ਪੰਜ ਕਕਾਰਾਂ ਦੀ ਰਹਿਤ ਦਾ। ਕਛਹਿਰਾ ਸਜਾ ਕੇ ਹਰ ਦਮ ਨਗਾਰੇ ਵਾਂਗੂ ਡਟ ਕੇ ਤਿਆਰ-ਬਰ-ਤਿਆਰ ਗੁਰਮੁਖੀ ਪੁਸ਼ਾਕਿਆਂ ਅਤੇ ਦੂਹਰੇ ਸਜੀਲੇ ਦਸਤਾਰਿਆਂ ਅਤੇ ਗੁਰਮੁਖੀ ਦਾੜ੍ਹਿਆਂ ਵਾਲੇ ਦਿਦਾਰਿਆਂ ਸਹਿਤ ਸਜੇ ਧਜੇ ਸੂਰਬੀਰਾਂ ਦੀ ਸ਼ਾਨ ਵਿਚ ਰਹਿਣਾ, ਤੇ ਕਿਥੇ ਧੋਤੀ ਪੁਸ਼ਾਕ ਸਿਰ ਮੂੰਹ ਮੁੰਨਿਆ ਅਤੇ ਦਾੜ੍ਹੀ ਮੁੱਛਾਂ ਮੁਨਾ ਕੇ ਚਟਮ ਕਰਾਈ ਰਖਣ ਵਾਲਿਆਂ ਟੋਪੀ-ਪੋਸ਼ਾਂ ਤੇ ਲੰਗੋਟੀ-ਲਪੇਟਾਂ ਤੇੜ ਤੜਾਗੀ ਦੇ ਸ਼ੁਕੀਨਾਂ ਦਾ ਕਾਇਰ ਕ੍ਰਾਂਤੀ ਗਿਦੜ-ਗੁੰਮੀ ਪਹਿਰਾਵਾ। ਕਦੇ ਅਸਾਡਾ ਅਤੇ ਉਹਨਾਂ ਦਾ ਅਸਲ ਇਤਫਾਕ ਜੜ੍ਹ-ਮੂਲੀ ਜੋੜ ਹੋ ਸਕਦਾ ਹੈ ? ਕਦੇ ਨਹੀਂ, ਕਦਾਚਿੱਤ ਨਹੀਂ।

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥੧੬॥ [ਵਾਰ ਮਾਝ, ਸਲੋਕ ਮ: ੧, ਪੰਨਾ ੧੪੫

ਸੰਸਾਰੀ ਸਾਰੇ ਆਨਮਤੀ ਮਨਮਤੀ ਹਨ ਅਤੇ ਭਗਤ ਹਨ ਖਾਲਸਾ ਜੀ, ਹਰੀ ਜਨ, ਜੋ ਪ੍ਰੇਮਾ-ਭਗਤੀ ਦੇ ਜਾਨਣਹਾਰ ਪੁਤਲੇ ਹਨ।

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥

[ਸਰੋਠਿ ਕਬੀਰ ਜੀ, ਪੰਨਾ ੬੫੪

ਜਿਸ ਪ੍ਰੇਮਾ-ਭਗਤੀ ਦੇ ਪ੍ਰੇਮ ਮੰਡਲ ਵਿਚ ਖਾਲਸਾ ਖੇਡਦਾ ਹੈ, ਜਦੋਂ ਤੀਕ ਓਸੇ ਪ੍ਰੇਮ-ਮੰਡਲ ਦੇ ਦਾਇਰੇ ਅੰਦਰ ਸਾਰੇ ਅ'ਨਮਤੀ ਨਹੀਂ ਆ ਜਾਂਦੇ, ਤਦ ਤੀਕ ਪੂਰਨ ਖ਼ਾਲਸ ਪ੍ਰੇਮ ਅਤੇ ਅਸਲੀ ਇਤਫ਼ਾਕ ਦੀ ਰੂਹ ਤਾਰ ਨਹੀਂ ਫਿਰ ਸਕਦੀ। ਇਸ ਰੂਹ ਤਾਰ ਦੇ ਫਿਰੇ ਬਿਨਾਂ ਓਪਰਾ ਇਤਫ਼ਾਕ ਇਤਫ਼ਾਕ ਕੂਕਣਾ ਕੀ ਅਰਥ ਰਖਦਾ ਹੈ ? ਸਿਰਫ ਇਹ ਜ਼ਾਹਰ ਕਰਨ ਲਈ ਕਿ ਸਭ ਦੇਸ-ਵਾਸੀਆਂ ਦਾ ਪ੍ਰਸਪਰ ਇਤਫਾਕ ਹੈ, ਇਕ ਅਸਥਾਨ, ਇਕ ਦਸਤਰਖਾਨ, ਇਕ ਟੇਬਲ ਅਤੇ ਇਕ ਤਸ਼ਤਰੀ ਉਤੇ ਇਕੱਠੇ ਬੈਠ ਕੇ ਭਿੰਨ ਭਿੰਨ ਮਤਾਂ ਵਾਲਿਆਂ ਦਾ ਖਾਨ ਪਾਨ ਇਕੱਠਾ ਕਰ ਲੈਣਾ ਇਕ ਢਕਵੰਜ ਹੈ। ਖਾਸ ਕਰ ਖਾਲਸਾ ਜੀ ਲਈ ਤਾਂ ਇਸ ਢਕਵੰਜ ਦੇ ਕੁਫੇਰ ਵਿਚ ਪੈਣਾ ਨੜਿੰਨਵੇਂ ਵਾਲਾ ਘਾਟਾ ਹੈ, ਕਿਉਂਕਿ ਓਹ ਖਾਲਸਾ ਕੌਮ ਹੀ ਹੈ ਜਿਸ ਦੇ ਅੰਦਰ ਪਤਿਤ ਕਰਮਾਂ ਵਿਖੇ ਪਰਵਿਰਤ ਹੋਣ ਦੀ ਰੋਕ ਪਾਬੰਦੀ ਸੱਚੀ ਭੈ-ਭਾਵਨੀ ਕਰਕੇ ਹੈ। ਹੋਰ ਕੌਮਾਂ ਅੰਦਰਿ ਇਸ ਪਾਸਿਓਂ ਉਕੋ ਖੁਲ੍ਹ ਖੇਡ ਹੈ। ਕੋਈ ਕੌਮ ਐਸੀ ਹੈ ਜਿਸ ਦੇ ਅੰਦਰਿ ਜੇ ਕੋਈ ਪਰਤ੍ਰਿਆਂ-ਗਾਮੀ ਹੋਵੇ ਤਾਂ ਪਤਿਤ ਅਤੇ ਅਮਲੀ ਤੌਰ ਤੇ ਕੌਮ ਤੋਂ ਖ਼ਾਰਜ ਗਰਦਾਨਿਆ ਜਾਵੇ ? ਜੋ ਹੈ ਤਾਂ ਗੁਰਵਾਕ–

ਪਰਤ੍ਰਿਅ ਰਾਵਣਿ ਜਾਹਿ ਸੇਈ ਤ ਲਾਜੀਅਹਿ ॥੮॥ ਫੁਨਹੇ ਮ: ੫, ਪੰਨਾ ੧੩੬੨

ਕੋਈ ਕੌਮ ਦੁਨੀਆ ਦੇ ਤਖ਼ਤੇ ਉਤੇ ਹੈ ਜਿਸ ਦੇ ਅੰਦਰਿ ਜੇ ਕੋਈ ਧੂਮਰ-ਪਾਨੀ ਬਿਖਿਆ-ਭਛੀ ਹੋ ਜਾਵੇ ਤਾਂ ਕੌਮ ਉਸ ਨੂੰ ਤਲਾਂਜਲੀ ਦੇ ਦੇਵੇ ? ਬਲਕਿ ਨੜਿੰਨਵੇਂ ਫ਼ੀ ਸਦੀ ਹਰ ਏਕ ਕੌਮ ਵਿਚ ਅਜਿਹੇ ਬਿਖਿਆ-ਪਾਨੀ ਹੋਣਗੇ। ਇਹ ਖਾਲਸਾ ਕੌਮ ਹੀ ਹੈ ਜਿਸ ਵਿਚ ਜੇ ਕੋਈ ਤਨਕ ਮਾਤਰ ਭੀ ਤਮਾਕੂ ਦਾ ਸੇਵਨਹਾਰ ਦਿਸ ਪਵੇ ਤਾਂ ਤਤਕਾਲ ਪੰਥ ਵਿਚੋਂ ਛੇਕਿਆ ਅਤੇ ਪਤਿਤ ਗਰਦਾਨਿਆ ਜਾਂਦਾ ਹੈ। ਬੜੇ ਅਸਚਰਜ ਦੀ ਗੱਲ ਹੈ ਕਿ ਤਮਾਕੂ ਦੇ ਤਨਖ਼ਾਹੀ ਸਿਖ ਤਾਂ ਪਤਿਤ-ਕਰਮੀ ਸਮਝੇ ਜਾਣ ਕਰਕੇ ਪੰਥ ਵਿਚੋਂ ਖ਼ਾਰਜ ਕੀਤੇ (ਛੇਕੇ ਜਾਣ) ਅਤੇ ਖੁਲ੍ਹ-ਮਖੁਲ੍ਹਾ ਤਮਾਕੂ ਵਰਤਣ ਭਖਣਹਾਰਿਆਂ ਨਾਲ ਖਾਨ ਪਾਨ ਦੇ ਵਰਤਾਰੇ



www.AKJ.Org

ਦੀ ਖੁਲ੍ਹ-ਖੇਡ ਵਿਚ ਰੰਚਕ ਭੀ ਭੈ-ਭਰਮ ਨਾ ਰਖਿਆ ਜਾਵੇ ! ਕੀ ਇਹ ਚਗਲ-ਪੰਥੀ ਹੋਣ ਦੇ ਕੁਲਛਣ ਨਹੀਂ ? ਕੀ ਇਹ ਗੁਰਮਤਿ ਅਸੂਲਾਂ ਤੋਂ ਬੇਮੁਖ ਹੋਣਾ ਨਹੀਂ ? ਕੀ ਇਹ ਪਵਿਤਰ ਅੰਮ੍ਰਿਤ ਮਰਯਾਦਾ ਦੇ ਸਮੇਂ ਦ੍ਰਿੜ੍ਹਾਏ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਨੂੰ ਲਤਾੜਨਾ ਨਹੀਂ ? ਅਤੇ ਇਸ ਬਿਧਿ ਏਹਨਾਂ ਹੁਕਮਾਂ ਨੂੰ ਰਹਿਤ ਰਹਿਣੀ ਦੇ; "ਰਹਿਣੀ ਰਹੇ ਸੋਈ ਸਿਖ ਮੇਰਾ" ਵਾਲੇ ਹੁਕਮਾਂ ਨੂੰ ਲਤਾੜਨਾ ਅੰਮ੍ਰਿਤਧਾਰੀ ਸਿੰਘ ਦੀ ਪਦਵੀ ਤੋਂ ਪਤਿਤ ਹੋਣਾ ਨਹੀਂ ? ਭੰਗ ਦੇ ਭਾੜੇ ਕਉਡੀ ਬਦਲੇ ਰਤਨ ਤਿਆਗਣ ਵਾਲੀ ਗੱਲ ਹੈ।

ਖਾਨ ਪਾਨ ਦੀ ਸੁਖ-ਰਹਿਣੀ ਖੁਲ੍ਹ-ਖੇਡ ਦੀ ਖ਼ਾਤਰ, ਲੋਕਾਚਾਰੀ ਇਤਫ਼ਾਕ ਦੇ ਪਰਪੰਚ-ਦਿਖਾਵੇ ਦੀ ਖ਼ਾਤਰ ਅਤੇ ਬਪੜੇ ਸੁਰਜ ਦੀ ਦੇਖਾ-ਦੇਖੀ ਲਾਲਸਾ ਦੀ ਖਾਤਰ, ਲੋਕ-ਪਰਲੋਕ ਦੇ ਸਹਾਈ ਪ੍ਰਾਣੋਂ ਪਿਆਰੇ ਆਪਣੇ ਇਸ਼ਟ-ਅਸੂਲਾਂ ਨੂੰ ਧੱਕਾ ਦੇਣਾ ਕੰਚਨ ਬਦਲੇ ਕੋਇਲੇ ਦਾ ਬਿਹਾਜਣਾ ਹੈ। ਜੇ ਸਾਰੀ ਤ੍ਰਿਲੋਕੀ ਦਾ ਐਸ਼੍ਵਰਜ ਭੀ ਮਿਲਦਾ ਹੋਵੇ, ਉਸ ਦੇ ਬਦਲੇ ਗੁਰੂ ਕਾ ਸਿੰਘ ਬਿਬੇਕੀ ਗੁਰਮਤਿ ਅਸੂਲਾਂ ਦੀ ਕੁਰਬਾਨੀ ਕਦੇ ਨਹੀਂ ਕਰੇਗਾ। ਚਾਹੇ ਕਿਤਨੇ ਭੀ ਜਾਨ-ਜੋਖੋਂ ਦੇ ਕਸ਼ਟਾਂ ਦਾ ਟਾਕਰਾ (ਮੁਕਾਬਲਾ) ਕਰਨਾ ਪਵੇ, ਪਰ ਗੁਰੂ ਕਾ ਸਚਿਆਰ ਸਿੰਘ-ਬਿਬੇਕੀ, ਆਪਣੇ ਬਿਬੇਕ ਅਸੂਲਾਂ ਤੋਂ ਕਦੇ ਨਹੀਂ ਥਿੜੇ-ਥਿੜਕੇਗਾ। ਇਤਫ਼ਾਕ ਅਤੇ ਪ੍ਰੇਮ ਦਾ ਪਰਖ-ਪਰਤਾਵਾ ਖਾਨ ਪਾਨ ਦੇ ਚਗਲ-ਘਚੋਲੇ ਵਿਚ ਨਹੀਂ (ਇਹ ਮਹਿਜ਼ ਮੁਲੰਮਾ ਪਾਜ ਹੈ ਅਤੇ ਲੋਕਾਚਾਰੀ ਦਿਖਾਵਾ ਹੈ), ਕਿੰਤੂ ਪ੍ਰੇਮ ਭਰੀ ਹਮਦਰਦੀ ਵਾਲੀ ਸਹਾਇਤਾ ਵਿਚ ਹੈ।

ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਅਸਮਰਥ ਅਤੇ ਮਜ਼ਲੂਮ ਆਨਮਤੀਆਂ ਦੀ ਫ਼ਰਿਆਦ ਸੁਣ ਕੇ ਦਿੱਲੀ ਸੀਸ ਜਾ ਅਰਪਣ ਕੀਤਾ। ਦਰਦਵੰਦਾਂ ਦੀਆਂ ਦਰਦ ਭਰੀਆਂ ਫ਼ਰਿਆਦਾਂ ਜਦੋਂ ਜਦੋਂ ਭੀ ਗੁਰੂ ਪੰਥ ਪਾਸ ਪੁਜੀਆਂ, ਤੁਰਤ ਖਾਲਸਾ ਜੀ ਨੇ ਸਹਾਇਤਾ ਕੀਤੀ। ਹਿੰਦੂਆਂ ਦੀਆਂ ਬਹੂ-ਬੇਟੀਆਂ ਜਰਵਾਣਿਆਂ ਪਾਸੋਂ ਅਨੇਕ ਵਾਰ ਛੁਡਵਾਈਆਂ ਅਤੇ ਆਪੋ ਆਪਣੇ ਘਰੀਂ ਸਹੀ ਸਲਾਮਤ ਪੁਚਾਈਆਂ। ਕੀ ਏਸ ਤੋਂ ਵਧ ਕੇ ਪ੍ਰੇਮ ਦੀ ਇਤਫਾਕ ਭਰੀ ਅੰਸ ਸਪਿਰਟ ਦਾ ਉਦਾਹਰਨੀ ਨਮੂਨਾ ਕੋਈ ਮਿਲ ਸਕਦਾ ਹੈ ?

ਅਸਲ ਬਾਤ ਇਹ ਹੈ, ਜਿਸ ਕੌਮ ਅੰਦਰ ਧਰਮ ਭਾਵ ਅਤੇ ਪਰਉਪਕਾਰ ਦਾ ਮਾਦਾ ਕੁਟ ਕੁਟ ਕੇ ਭਰਿਆ ਹੋਵੇ, ਉਸ ਦੇ ਅੰਦਰ ਸੁਤੇ ਸੁਭਾਵ ਹੀ ਪ੍ਰੇਮ ਭਰੀ ਹਮਦਰਦੀ ਦੇ ਵਲਵਲੇ ਫੁੱਟ ਫੁੱਟ ਕੇ ਨਿਕਲਦੇ ਹਨ। ਜੋ ਪ੍ਰਾਣੀ ਮਾਤਰ ਨੂੰ ਪ੍ਰੇਮ-ਦ੍ਰਿਸ਼ਟੀ ਨਾਲ ਦੇਖਦੇ ਹਨ, ਉਹ ਸਭਨਾਂ ਦਾ ਭਲਾ ਮਨਾਉਂਦੇ ਹਨ ਅਤੇ ਬੁਰਾ ਕਿਸੇ ਦਾ ਭੀ ਨਹੀਂ ਚਿਤਵਦੇ ਤੇ ਲੋਚਦੇ। ਬਸ ਇਤਫ਼ਾਕ ਅਤੇ ਪ੍ਰੇਮ ਦੀ ਸੱਚੀ ਨੀਂਹ ਧਰਮ ਉਤੇ ਹੈ। ਜਿਸ ਦੇ ਅੰਦਰਿ ਧਰਮ ਨਹੀਂ ਉਸ ਦੇ ਰਿਦੰਤਰ ਉਪਰਲੀ ਪੋਚਾ-ਪਾਚੀ ਨਾਲ ਪ੍ਰੇਮ ਇਤਫਾਕ ਨਹੀਂ ਵਸ ਧਸ ਸਕਦਾ।

ਨਗੋਸਾਇਆਂ, ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਧਰਮ-ਪੁੰਜ ਖਾਲਸਾ ਜੀ ਦਾ ਖਾਨ-ਪਾਨ ਵਰਤੋਂ-ਵਿਹਾਰ ਇਕ-ਮਿਕ ਕਰ ਦੇਣਾ ਆਪਣੀ ਧਰਮ-ਕਲਾ ਦਾ ਨਾਸ ਕਰ ਦੇਣਾ ਹੈ। ਜਿਥੇ ਧਰਮ-ਕਲਾ ਨਹੀਂ ਉਥੇ ਪ੍ਰੇਮ ਨਹੀਂ, ਉਥੇ ਇਤਫ਼ਾਕ ਦਾ ਨਮੂਦ ਨਹੀਂ, ਉਥੇ ਕਲਹ ਕ੍ਰੋਧ ਵੈਰ ਵਿਰੋਧ ਪਰਧਾਨ ਹਨ। ਉਥੇ ਤ੍ਰਿਸ਼ਨਾ ਦਾ ਰਾਜ ਹੈ। ਉਥੇ ਖ਼ੁਦਗ਼ਰਜ਼ੀ ਪ੍ਰਬਲ ਹੈ। ਉਥੇ ਖੁਦੀ ਬਖ਼ੀਲੀ ਤਕੱਬਰੀ ਦਾ ਪਾਪ-ਵਰਤਾਰਾ ਹੈ। ਇਹ ਸਾਰੀਆਂ ਬਲਾਵਾਂ ਓਥੇ ਪੈਂਦੀਆਂ ਹਨ ਜਿਥੇ ਧਰਮ-ਕਲਾ ਨਹੀਂ ਰਹਿੰਦੀ। ਅਤੇ ਇਹ ਧਰਮ-ਕਲਾ ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਖਾਨ ਪਾਨ ਰੂਪੀ ਵਰਤੋਂ-ਵਿਹਾਰ ਕਰਨ ਕਰ ਉਡਦੀ ਹੈ ਅਤੇ ਇਸ ਦੇ ਉਡਣ ਕਰਿ ਤੇਜ-ਪਰਤਾਪ ਭੀ ਉਡ ਜਾਂਦਾ ਹੈ। ਇਹ ਤੇਜ-ਪਰਤਾਪ ਬੇਦੀਨ ਧਰਮਹੀਣ ਆਨਮਤੀਆਂ ਤੋਂ ਨਿਆਰਾ ਰਹਿਣ ਕਰਿ ਸਾਰੇ ਦਾ ਸਾਰਾ ਜਿਉਂ ਕਾ ਤਿਉਂ ਕਾਇਮ ਦਾਇਮ ਰਹਿੰਦਾ ਹੈ। ਸਗੋਂ ਦਿਨੋ ਦਿਨ ਚੜ੍ਹਦੀ ਕਲਾ ਵਿਚ ਵਧਦਾ ਜਾਂਦਾ ਹੈ। ਜੋ ਜਨ ਗੁਰੂ ਦੇ ਸਿਖ ਸਦਾ ਕੇ, ਗੁਰੂ ਕੇ ਬਚਨਾਂ, ਗੁਰੂ ਕੇ ਹੁਕਮਾਂ ਦੀ ਪਰਤੀਤ ਨਹੀਂ ਕਰਦੇ, ਅਤੇ ਬਿਪਰਾਵੀ ਆਨਮਤੀ ਰੀਤ ਗ੍ਰਹਿਣ ਕਰਦੇ ਹਨ, ਉਹਨਾਂ ਪ੍ਰਥਾਇ ਹੀ ਸ੍ਰੀ ਦਸਮੇਸ਼ ਜੀ ਉਚਾਰਦੇ ਹਨ–

ਮੈ ਨ ਕਰਉਂ ਇਨ ਕੀ ਪ੍ਰਤੀਤ ॥



www.AKJ.Org

ਅੰਮ੍ਰਿਤ ਛਕਣ ਸਮੇਂ ਜੋ ਰਹਿਤ-ਰਹਿਣੀਆਂ ਗੁਰੂ ਰੂਪ ਪੰਜਾਂ ਪਿਆਰਿਆਂ ਵਲੋਂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਦ੍ਰਿੜ੍ਹਾਈਆਂ ਜਾਂਦੀਆਂ ਹਨ, ਉਹ ਗੁਰੂ ਕੇ ਹੁਕਮ ਹਨ। ਗੁਰੂ ਦਸਮੇਸ਼ ਜੀ ਦੇ ਖ਼ਾਸ ਹੁਕਮ ਹਨ, ਜੋ ਸੀਨਾ-ਬਸੀਨਾ ਗੁਰੂ ਪੰਥ ਅੰਦਰ ਸ਼ਰਧਾ ਪੂਰਬਕ ਦ੍ਰਿੜ੍ਹ ਧਾਰਨਾ ਸਹਿਤ ਪ੍ਰਚੁਰ ਹੁੰਦੇ ਚਲੇ ਆਏ ਹਨ, ਜਿਨ੍ਹਾਂ ਤੋਂ ਕੋਈ ਸਚਿਆਰ ਸਿਖ ਬੇਮੁਖ (ਮੁਨਹਰਫ਼) ਨਹੀਂ ਹੋ ਸਕਦਾ। ਉਹਨਾਂ ਹੁਕਮਾਂ ਵਿਚੋਂ ਇਕ ਖਾਸ ਹੁਕਮ ਇਹ ਹੈ ਕਿ ਸਿਰ-ਗੁੰਮ (ਮੂੰਹ ਸਿਰ ਮੁੰਨੇ ਮੋਨੇ), ਨੜੀ-ਮਾਰ, ਕੁੜੀ-ਮਾਰ, ਮੀਣੇ, ਮਸੰਦ ਆਦਿਕ ਆਨਮਤੀਆਂ ਨਾਲ ਨਹੀਂ ਵਰਤਣਾ, ਅਰਥਾਤ ਉਹਨਾਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰਖਣੀ। ਨਾ ਵਰਤਣ ਦਾ ਮੁਖ ਮਤਲਬ ਰੋਟੀ ਬੇਟੀ ਦੀ ਸਾਂਝ ਨ ਰਖਣ ਦਾ ਹੈ ਅਤੇ ਇਹ ਭਾਵ ਉਸ ਸਮੇਂ ਸਪੱਸ਼ਟ ਕਰਾਇਆ ਜਾਂਦਾ ਹੈ। ਇਸ ਹੁਕਮ ਰੂਪੀ ਬਚਨ ਉਪਰ ਜੋ ਜਨ ਸਿਖ ਹੋਣ ਦੀ ਹੈਸੀਅਤ ਵਿਚ ਨਹੀਂ ਚਲਦੇ, ਭਾਵ ਜੋ ਸਿਖ ਇਸ ਗੁਰੂ ਦੇ ਹੁਕਮ ਨੂੰ ਨਹੀਂ ਕਮਾਂਵਦੇ, ਉਹ ਸਚਿਆਰ ਸਿਖ ਵਾਲੀ ਬਿਬੇਕ-ਪੂਰਤ ਪਦਵੀ ਤੋਂ ਹੇਠਾਂ ਡਿਗੇ ਹੋਏ ਹਨ। ਗੁਰਸਿੱਖੀ ਦੀ ਬਿਬੇਕ ਕਮਾਈ ਦਾ ਪ੍ਰਾਰੰਭ ਹੁੰਦਾ ਹੀ ਏਥੋਂ ਹੈ ਕਿ:- "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ" (੭੬੦) ਦੇ ਬਿਬਰਜਤ ਹੁਕਮ ਸੰਦੀ ਆਨਮਤੀਆਂ ਦੇ ਨਾਲ ਰੋਟੀ ਬੇਟੀ ਦੀ ਸਾਂਝ-ਵਰਤੋਂ ਨਾ ਰਖੀ ਜਾਵੇ।

ਜੋ ਗੁਰਸਿਖ ਅੰਮ੍ਰਿਤ ਛਕਣ ਸਾਰ ਹੀ ਆਨਮਤੀਆਂ ਵਿਚ ਜਾ ਖਚਤ ਹੋਇਆ, ਉਸ ਦੀ ਆਤਮ-ਰੰਗਾਂ ਦੀ ਚੜ੍ਹਦੀ ਕਲਾ ਹੋ ਹੀ ਨਹੀਂ ਸਕਦੀ। ਉਸ ਦਾ ਤੇਜ-ਪਰਤਾਪ ਕੀ ਵਧਣਾ ਸੀ ਅਤੇ ਉਸ ਦਾ ਤੇਜ-ਪਰਤਾਪੀ ਖ਼ਾਲਸਮਈ ਜੁੱਸਾ ਕਿਥੋਂ ਕਰਾਰਾ ਹੋਣਾ ਸੀ ਜਦ ਉਹ ਧਰਮਹੀਣ ਬੇਦੀਨਾਂ ਵਿਚ ਮਿਲਗੋਭਾ ਜਾ ਹੋਇਆ।

ਪਰੰਤੂ ਜਿਸ ਗੁਰਸਿਖ ਪਿਆਰੇ ਗੁਰੂ ਸਵਾਰੇ ਜਗਿਆਸੂ ਨੂੰ ਪੂਰਨ ਪ੍ਰੇਮ ਹੈ, ਆਤਮ-ਰੰਗ ਦੀਆਂ ਉਚਿਆਈਆਂ ਵਿਚ ਖੇਡਣ ਦੀ ਜਿਸ ਸਿੰਘ ਸੁਚਿਆਰ ਨੂੰ ਸੱਚੀ ਸ਼ਰਧਾ ਹੈ; ਨਾਮ ਦੇ ਜੋਤਿ-ਵਿਗਾਸੀ ਤੇਜ-ਪਰਤਾਪੀ ਰੰਗ ਮਾਨਣ ਦਾ ਜਿਸ ਸਿਦਕਵਾਨ ਸਿੰਘ ਸੂਰਮੇ ਨੂੰ ਦ੍ਰਿੜ੍ਹ ਵਿਸ਼ਵਾਸ ਭਰੋਸਾ ਹੈ, ਗੁਰੂ ਦੀਆਂ ਝਾਲਾਂ ਝਲਣ ਦਾ ਅਤੇ ਗੁਰੂ ਕੇ ਹੁਕਮਾਂ ਦੀਆਂ ਕਮਾਈਆਂ ਕਰਨ ਦਾ, ਉਹ ਹੁਕਮੀ ਬੰਦਾ ਬਿਬੇਕੀ ਸਿਖ ਏਸ ਹੁਕਮ ਨੂੰ ਹੁਕਮ ਮਿਲਣ ਸਾਰ ਹੀ ਕਮਾਵਣ ਲਗ ਪੈਂਦਾ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਨੀਆਂ ਕਮਾਈਆਂ ਨੂੰ ਮਨ-ਬਾਂਛਤ ਰੰਗ ਫਲ ਲਗਣ ਲਗ ਪੈਂਦੇ ਹਨ। ਜਿਉਂ ਜਿਉਂ ਇਹ ਰੰਗ ਲਗਦੇ ਹਨ ਤਿਉਂ ਤਿਉਂ ਉਹਨਾਂ ਦੀ ਸ਼ਰਧਾ ਹੋਰ ਵਧਦੀ ਜਾਂਦੀ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਨੀਆਂ ਬਿਬੇਕ ਕਮਾਈਆਂ ਕਰਕੇ ਅਜੇ ਤੀਕ ਖਾਲਸਾ ਪੰਥ ਦੀ ਨਿਰਾਲੀ ਹਸਤੀ ਵਾਲੀ ਸ਼ਾਨ ਕਾਇਮ ਹੈ, ਨਹੀਂ ਆਨ ਕੌਮਾਂ, ਖਾਸ ਕਰ ਹਿੰਦੂ ਕੌਮ ਵਿਚ ਖਪ ਖੁਪ ਜਾਣੀ ਸੀ।

ਅਜੇ ਬਹੁਤ ਸਾਰੇ ਅਜਿਹੇ ਸਿਖ ਮੌਜੂਦ ਹਨ ਕਿ ਕੇਸਾ-ਧਾਰੀ ਅੰਮ੍ਰਿਤ-ਧਾਰੀ ਹੁੰਦੇ ਹੋਏ ਭੀ ਮਰਦਮ-ਸ਼ੁਮਾਰੀ ਵਿਚ ਆਪਣੇ ਆਪ ਨੂੰ ਹਿੰਦੂ ਲਿਖਾਉਂਦੇ ਹਨ। ਵਜਹ ਕੀ ? ਵਜਹ ਇਹ ਹੈ ਕਿ ਉਹਨਾਂ ਦੀ ਵਰਤੋਂ ਵਿਉਹਾਰ ਅਤੇ ਸੰਸਕਾਰ ਅਜੇ ਹਿੰਦੂਆਂ ਵਾਲੇ ਹਨ। ਉਹਨਾਂ ਦੀ ਰੋਟੀ ਬੇਟੀ ਦੀ ਸਾਂਝ ਹਿੰਦੂਆਂ ਨਾਲ ਹੈ। ਜਦ ਤਾਈਂ ਰੋਟੀ ਬੇਟੀ ਦੀ ਸਾਂਝ ਖਾਲਸੇ ਦੀ ਖਾਲਸੇ ਨਾਲ ਨਹੀਂ ਹੁੰਦੀ ਤਦ ਤਾਈਂ ਵਖਰੀ ਅਤੇ ਨਿਰਾਲੀ ਵਿਲੱਖਣ ਕੌਮ ਦੀ ਹਸਤੀ ਵਿਚ ਚੜ੍ਹਦਾ-ਚਮਕਦਾ ਅਤੇ ਫਲਦਾ ਫੂਲਦਾ ਖਾਲਸਾ ਪੰਥ ਕਦੇ ਨਜ਼ਰ ਨਹੀਂ ਆਵੇਗਾ। ਅਗੇ ਤਾਂ ਬੇਦੀ ਮਤ ਦੀ ਸ਼ਰੇਣੀ ਵਾਲਿਆਂ ਆਨਮਤੀਆਂ ਵਿਚ ਘੁਲ-ਮਿਲ-ਘਿਚ ਵਾਸ ਹੋਣ ਕਰਕੇ ਹਿੰਦੂਆਂ ਨਾਲ ਖਾਨ ਪਾਨ ਦੀ ਖੁਲ੍ਹ ਖੇਡ ਖਾਲਸੇ ਜੀ ਨੂੰ ਖਾਈ ਜਾਂਦੀ ਸੀ, ਹੁਣ ਮਗ਼ਰਬੀ ਅਵਿ-ਦਿਆ ਦੀ ਤਾਰੀਕੀ ਛਾ ਜਾਣ ਕਰਕੇ ਅਤੇ ਕਤੇਬੀ ਮਤ ਦੇ ਕੁਸੰਗ ਦੀ ਕੁਚਲਤਾ ਧਾ ਜਾਣ ਕਰਕੇ ਅਤੇ ਈਸਾਈਆਂ, ਮੁਸਾਈਆਂ, ਮੁਹੰਮਦੀਆਂ ਆਦਿਕ ਇਤਰ ਕੌਮਾਂ ਨਾਲ ਖਾਨ ਪਾਨ ਦਾ ਕੋਈ ਭਰਮ-ਭੇਦ ਨ -



www.AKJ.Org

ਰਹਿਣ ਕਰਕੇ ਖਾਲਸਾ ਜੀ ਦੇ ਤੇਜ-ਪਰਤਾਪ ਮਈ ਧਰਮ ਦੀ ਆਣ ਕਾਣ ਅਤੇ ਸ਼ਾਨ ਖੀਨ-ਖਰਾਬ ਤੇ ਖੁਆਰ ਹੋ ਰਹੀ ਹੈ। ਅਸਾਡੇ ਲਈ ਬੇਦੀ ਕਤੇਬੀ ਮਤ ਕੋਈ ਅੰਨ੍ਹੇ ਕਾਣੇ ਹਨ। ਜੋ ਦੋਹਾਂ ਵਿਚੋਂ ਖਾਲਸਾ (ਗਿਆਨੀ) ਸਜ ਕੇ (ਅੰਨ੍ਹੇ ਕਾਣਿਓਂ) ਸਿਆਣਾ ਹੋ ਜਾਏ ਉਨ੍ਹਾਂ ਦੇ ਨਾਲ 'ਅਸੀਂ' ਅਭੇਦ ਵਰਤਾਂਗੇ। ਨਹੀਂ ਤਾਂ ਦੋਹਾਂ ਤੋਂ ਭਿੰਨ ਸਿਆਣੇ ਖਾਲਸੇ ਦੇ ਵਰਤੋਂ-ਵਰਤਾਰੇ ਦਾ ਰਾਹ ਭੇਦ ਨਿਰਾਲਾ ਹੈ। ਬੇਦੀ ਮਤ ਵਾਲਿਆਂ ਨਾਲ ਅਭੇਦ ਅਤੇ ਕਤੇਬੀ ਮਤ ਵਾਲਿਆਂ ਨਾਲ ਭੇਦ ਕਿਉਂ ? ਅਤੇ ਦੋਹਾਂ ਦਾ ਭੇਦ ਮਿਟਾਵਣ ਲਈ ਦੋਹਾਂ ਨਾਲ ਹੀ ਖਾਨ ਪਾਨ ਦੀ ਵਰਤੋਂ ਵਿਹਾਰ ਕਰਨਾ ਚਗਲ ਹੋਣਾ ਹੈ।

ਦੋਹੂੰ ਕਪਟ ਪੰਥੀਆਂ ਤੋਂ ਖਾਨ ਪਾਨ ਦੀ ਵਰਤੋਂ-ਵਿਹਾਰ ਵਿਚ ਅਟੰਕ (ਅਲਹਿਦਾ) ਰਹਿਣਾ ਛੂਤ ਛਾਤ ਵਾਲਾ ਭਰਮ ਭੇਦ ਨਹੀਂ, ਬਲਕਿ ਆਪਣੇ ਅਸੂਲ ਦੀ ਪਾਲਣਾ-ਪੈਰਵੀ ਕਰਨਾ ਹੈ। ਛੂਤ ਛਾਤ ਦੀ ਕਾਣ ਉਥੇ ਹੈ ਜਿਥੇ ਜਨਮ-ਜਾਤੀ ਦਾ ਅਭਿਮਾਨ ਹੋਵੇ। ਛੂਤ ਛਾਤ ਦੀ ਘ੍ਰਿਣਾ ਵਾਲੀ ਕਾਣ ਉਥੇ ਹੈ ਜਿਥੇ ਅਛੂਤ ਜਾਤੀਆਂ ਨੂੰ ਉਭਾਰ ਕੇ ਅਭੇਦ ਕਰਨ ਵਿਚ ਹੀਲ ਹੁੱਜਤ ਅਤੇ ਸੰਕੋਚ ਕੀਤੀ ਜਾਵੇ। ਬਿਨਾਂ ਉਭਾਰੇ ਕਿਸੇ ਭੀ ਜਨਮ-ਜਾਤ ਦੇ ਪ੍ਰਾਣੀ ਨਾਲ ਅਭੇਦ ਵਰਤਣਾ ਉਸ ਪ੍ਰਾਣੀ ਨੂੰ ਉਭਾਰਨਾ ਨਹੀਂ, ਪਰੰਤੂ ਆਪ ਹੀ ਉਸ ਪ੍ਰਾਣੀ ਦੇ ਫੋਕਟ ਕਰਮੀ ਜਾਤ-ਜਨਮ ਵਾਲੇ ਧਰਮ-ਕਰਮ ਦੇ ਪਾਖੰਡ-ਭਰਮ ਵਿਚ ਅਭੇਦ ਹੋ ਕੇ ਚੁਰਾਸੀ ਦੇ ਗੇੜ ਵਿਚ ਪੈਣਾ ਹੈ।

ਦੁਨੀਆਵੀ ਰੀਫ਼ਾਰਮਰਾਂ ਨੇ ਨੀਚ ਜਾਤੀਆਂ ਦੇ ਨਾਲ ਅਭੇਦ ਖਾਨ ਪਾਨ ਕਰਨਾ ਉਹਨਾਂ ਦੇ ਉਭਾਰਨ ਦਾ ਮਸਾਲਾ ਸਮਝਿਆ ਹੋਇਆ ਹੈ ਅਤੇ ਨੀਚ ਜਾਤੀਆਂ ਨੇ ਭੀ ਆਪਣਾ ਉਭਰਨਾ ਏਸੇ ਗੱਲ ਵਿਚ ਸਮਝ ਛਡਿਆ ਹੈ ਕਿ ਊਚ ਜਾਤੀਆਂ ਵਾਲਿਆਂ ਨਾਲ ਉਹਨਾਂ ਦੀ ਅਭੇਦ ਵਰਤੋਂ ਹੋ ਜਾਏ। ਗੁਰਮਤਿ ਅੰਦਰ ਇਸ ਪ੍ਰਕਾਰ ਦਾ ਉਭਰਨਾ ਉਭਾਰਨਾ ਪ੍ਰਮਾਣੀਕ ਨਹੀਂ। 'ਅੰਮ੍ਰਿਤ ਨਾਮ' ਦੇ ਜੀਅ ਦਾਨ ਦੀ ਜੀਵਨ-ਬੂਟੀ ਦੇ ਕੇ ਹਰ ਇਕ ਜਨਮ-ਜਾਤੀ ਦੇ ਜੀਵ ਮਾਤਰ, ਮਨੁਸ਼ ਮਾਤਰ, ਦੇ ਜੀਵਨ ਨੂੰ ਅਮਰੀ ਜੀਵਨ ਵਿਚ ਸੁਰਜੀਤ ਕਰ ਦੇਣਾ ਅਸਲ ਉਭਾਰਨਾ ਹੈ। ਕਿਸੇ ਪ੍ਰਾਣੀ ਦਾ ਉਭਰਨਾ ਉਭਾਰਨਾ ਓਹ ਹੈ ਜਿਸ ਕਰਕੇ ਉਸ ਦਾ ਉਧਾਰ ਹੋ ਜਾਵੇ। ਇਸ ਬਿਧਿ ਅਮਰੀ ਜੀਵਨ ਵਿਚ ਸੁਰਜੀਤ ਹੋ ਕੇ ਜੋ ਉਭਰੇ ਉਧਰੇ ਹਨ ਓਹਨਾਂ ਦੇ ਨਾਲ ਖਾਨ ਪਾਨ ਅੰਦਰਿ ਅਭੇਦ ਵਰਤਣਾ ਸੱਚਾ ਪ੍ਰੇਮ ਬਿਵਹਾਰ ਹੈ। ਇਹ ਅਭੇਦ ਵਰਤੋਂ ਵਾਲਾ ਪ੍ਰੇਮ ਬਿਵਹਾਰ ਉਧਾਰ ਦੇ ਤਾਬੇ ਹੈ, ਨਾ ਕਿ ਉਧਾਰ ਅਭੇਦ ਬਿਵਹਾਰ ਦੇ ਤਾਬੇ। ਉਧਾਰ ਬਿਹੂਣ ਅਭੇਦ ਬਿਵਹਾਰ ਕਰਨ ਵਿਚ ਦੋਹਾਂ ਦਾ ਵਿਗਾੜ ਹੈ, ਅਭੇਦ ਕਰਨ ਵਾਲਿਆਂ ਦਾ ਭੀ ਅਤੇ ਅਭੇਦ ਹੋਣਹਾਰਿਆਂ ਦਾ ਭੀ। ਅਭੇਦ ਹੋਣ ਵਾਲਿਆਂ ਦਾ ਤਾਂ ਇਸ ਲਈ ਕਿ ਓਹਨਾਂ ਦਾ ਕੁਛ ਸੌਰਦਾ ਨਹੀਂ ਅਤੇ ਬਿਨਾਂ ਸੰਵਰੇ ਦੇ ਆਪਣੇ ਆਪ ਵਿਚ ਫੂਲ ਫੂਲ ਬਹਿੰਦੇ ਹਨ ਅਤੇ ਬਹਿ ਬਹਿ ਬਫਾਉਂਦੇ ਹਨ ਕਿ ਅਸੀਂ ਕੁਛ ਬਣ ਗਏ। ਬਣਦਾ ਬੁਣਦਾ ਓਹਨਾਂ ਦਾ ਕੱਖ ਭੀ ਨਹੀਂ, ਨਿਰਾ ਹੰਕਾਰ ਹੀ ਵਧਦਾ ਹੈ। ਬਿਨਾਂ ਕੁਛ ਬਣੇ ਸੰਵਰੇ ਦੇ ਐਵੇਂ ਵਾਧੂ ਬਫਾਉਣਾ ਬਿਨ ਗੁਣ ਗਰਬ ਕਰਨਾ ਹੈ, ਅਤੇ :

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥ ੧੫ ॥

[ਸਲੋਕ ਮ: ੧, ਪੰਨਾ ੧੪੧੧

ਗੁਰਵਾਕ ਦੇ ਭਾਵ ਅਨੁਸਾਰ ਅਸਲ ਖਰ (ਗੱਧਾ) ਬਨਣਾ ਹੈ। ਅਭੇਦ ਕਰਨਹਾਰਿਆਂ ਦਾ ਬਿਗਾੜ ਇਸ ਲਈ ਹੈ ਕਿ ਉਹ ਆਪਣੇ ਧਰਮ ਅਸੂਲ ਤੋਂ ਗਿਰਦੇ ਹਨ ਅਤੇ ਜਿਨ੍ਹਾਂ ਦੀ ਖ਼ਾਤਰ ਗਿਰਦੇ ਹਨ, ਉਹਨਾਂ ਦਾ ਕੁਛ ਸੌਰਦਾ ਨਹੀਂ। ਸਗੋਂ ਉਕਤ ਧਰਮ-ਹੀਨ ਬੇਦੀਨ ਪੁਰਸ਼ਾਂ ਨਾਲ ਅਭੇਦ ਖਾਣ ਕਰਕੇ ਉਹਨਾਂ ਦੀ ਧਰਮ-ਹੀਨਤਾ ਬੇਦੀਨਤਾ ਦਾ ਲਛਣ ਲੇਸ ਆਪਣੇ ਆਪ ਨੂੰ ਲਾਉਂਦੇ ਹਨ।

[ਪੁਸਤਕ ''ਗੁਰਮਤਿ ਬਿਬੇਕ'' ਵਿਚੋਂ



www.AKJ.Org

# ਸਿਰ ਜਾਏ ਤਾਂ ਜਾਏ, ਮੇਰਾ ਸਿਖੀ ਸਿਦਕ ਨ ਜਾਏ

[ਸਿਖ ਮਿਸ਼ਨਰੀ ਕਾਲਜ, ਲੁਧਿਆਣਾ]

ਗੱਲ ਬੰਦਾ ਬਹਾਦਰ ਦੇ ਵੇਲੇ ਦੀ ਹੈ। ਜਦ ਗੁਰਦਾਸ ਨੰਗਲ ਦੇ ਪਿੰਡ ਵਿਚ ਦੁਨੀ ਚੰਦ ਦੀ ਕੱਚੀ ਗੜ੍ਹੀ ਤੋਂ ਬੰਦਾ ਸਿੰਘ ਬਹਾਦਰ ਨੂੰ ਉਸ ਦੇ ਕੁਝ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਤਾਂ ਉਸ ਵੇਲੇ ੩੦੦ ਸ਼ਹੀਦ ਸਿੰਘਾਂ ਦੇ ਪੇਟ ਚੀਰ ਦਿਤੇ ਗਏ। ਕਿਉਂਕਿ ਹਾਕਮ ਸ਼੍ਰੇਣੀ ਦੇ ਲਾਲਚੀ ਮੁਖੀਆਂ ਨੂੰ ਸ਼ੱਕ ਹੋ ਗਿਆ ਸੀ ਕਿ ਹੋ ਸਕਦਾ ਹੈ ਇਨ੍ਹਾਂ ਸਿੱਖਾਂ ਨੇ ਸੋਨੇ ਦੀਆਂ ਮੋਹਰਾਂ ਨਿਗਲ ਰੱਖੀਆਂ ਹੋਣ। ਪਰ ਉਨ੍ਹਾਂ ਨੂੰ ਨਿਰਾਸ ਹੋਣਾ ਪਿਆ। ਸੋ ਉਨ੍ਹਾਂ ਨੇ ਇਨ੍ਹਾਂ ਸ਼ਹੀਦਾਂ ਦੇ ਸਿਰ ਵੱਢ ਕੇ ਬਰਛਿਆਂ ਅਤੇ ਨੇਜ਼ਿਆਂ ਉਤੇ ਟੰਗ ਲਏ। ਅਤੇ ਬਾਕੀਆਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲਿਆਂਦਾ ਗਿਆ।

ਜਦ ਬੰਦਾ ਬਹਾਦਰ ਸਮੇਤ ਇਨ੍ਹਾਂ ਕੈਦੀ ਸਿੰਘਾਂ ਨੂੰ ਅਤੇ ਸ਼ਹੀਦ ਕੀਤੇ ਸਿੰਘਾਂ ਦੀਆਂ ਬਰਛਿਆਂ ਉਤੇ ਟੰਗੀਆਂ ਗਰਦਨਾਂ ਨੂੰ ਲੈ ਕੇ ਦਿੱਲੀ ਵਲ ਤੁਰਨ ਲਗੇ ਤਾਂ ਇਨ੍ਹਾਂ ਦੇ ਮੁਖੀ ਜ਼ਕਰੀਆ ਖਾਨ ਨੂੰ ਮਹਿਸੂਸ ਹੋਇਆ ਕਿ ਇਹ ਸਭ ਕੁਝ ਬਾਦਸ਼ਾਹ ਫ਼ਰਖ਼ਸੀਅਰ ਨੂੰ ਦਿਖਾਉਣ ਲਈ ਥੋੜਾ ਹੈ। ਸੋ ਉਸ ਨੇ ਦੂਰ ਨੇੜੇ ਗਸ਼ਤੀ ਫੌਜਾਂ ਭੇਜਦੇ ਹੋਏ ਹੁਕਮ ਦਿਤਾ ਕਿ ਜਿਥੇ ਕਿਥੇ ਵੀ ਕੋਈ ਸਿੱਖ ਮਿਲਦਾ ਹੈ, ਉਸਨੂੰ ਜੀਉਂਦਾ ਜਾਂ ਉਸ ਦਾ ਸਿਰ ਵੱਢ ਕੇ ਲੈ ਆਓ ਤਾਂ ਜੁ ਬਾਦਸ਼ਾਹ ਨੂੰ ਵਧ ਤੋਂ ਵਧ ਗਿਣਤੀ 'ਚ ਸਿੱਖਾਂ ਨੂੰ ਗ੍ਰਿਫਤਾਰ ਜਾਂ ਸ਼ਹੀਦ ਕੀਤੇ ਹੋਏ ਦਿਖਾਇਆ ਜਾ ਸਕੇ ਅਤੇ ਬਾਦਸ਼ਾਹ ਦੀ ਪ੍ਰਸੰਨਤਾ ਲਈ ਜਾ ਸਕੇ।

ਬਸ, ਹੁਕਮ ਦੀ ਦੇਰ ਸੀ, ਪਿੰਡਾਂ ਅਤੇ ਸ਼ਹਿਰਾਂ ਦੇ ਮੁਖੀਆਂ,ਟੋਡੀਆਂ,ਅਤੇ ਸਰਕਾਰ ਦੇ ਹੋਰ ਝੋਲੀ-ਚੁੱਕਾਂ ਦੀ ਸਹਾਇਤਾ ਨਾਲ ਗਸ਼ਤੀ ਫ਼ੌਜਾਂ ਨੇ ਪਿੰਡ-ਪਿੰਡ, ਸ਼ਹਿਰ-ਸ਼ਹਿਰ,ਸਿੱਖਾਂ ਦੀ ਭਾਲ ਕਰ ਕੇ, ਬਿਨਾਂ ਕਿਸੇ ਕਸੂਰ ਦੇ, ਉਨ੍ਹਾਂ ਨੂੰ ਜੀਉਂਦਿਆਂ ਫੜ ਕੇ ਜਾਂ ਮਾਰ ਕੇ ਉਨ੍ਹਾਂ ਦੇ ਸਿਰਾਂ ਨੂੰ ਬਰਛਿਆਂ ਉਤੇ ਟੰਗ ਕੇ ਲਾਹੌਰ ਲਿਆਂਦਾ ਗਿਆ ਤੇ ਇਸ ਤਰ੍ਹਾਂ ਗਿਣਤੀ ਵਧਾਈ ਗਈ।

ਉਸ ਵੇਲੇ ਸਿੱਖਾਂ ਦਾ ਕਸੂਰ ਇਹੋ ਸੀ ਕਿ ਉਹ ਸਿੱਖ ਕਿਉਂ ਹਨ ? ਜਾਂ ਉਨ੍ਹਾਂ ਕੇਸ-ਦਾਹੜੀ ਕਿਉਂ ਰੱਖੀ ਹੋਈ ਹੈ ? ਜਿਸ ਭੈੜੀ ਹਾਲਤ ਨਾਲ ਸਿੱਖਾਂ ਨੂੰ ਲਾਹੌਰੋਂ ਤੋਰਿਆ ਗਿਆ ਉਸ ਨੂੰ ਇਕ ਅੰਗਰੇਜ਼ ਇਤਿਹਾਸਕਾਰ ਕਨਿੰਘਮ ਇਉਂ ਲਿਖਦਾ ਹੈ :–

ਬੰਦਾ ਸਿੰਘ ਤੇ ਹੋਰਨਾਂ ਨੂੰ ਬੜੀ ਦੁਰਗਤ ਨਾਲ, ਜੋ ਕਿ ਇਕ ਜਾਹਲ ਤੇ ਅਰਧ ਜੰਗਲੀ ਜੇਤੂ ਹੀ ਕਰ ਸਕਦਾ ਹੈ, ਦਿੱਲੀ ਨੂੰ ਤੋਰਿਆ ਗਿਆ। ਬੰਦਾ ਸਿੰਘ ਦੀ ਤਰ੍ਹਾਂ ਸਭ ਨੂੰ ਪੈਰਾਂ, ਹੱਥਾਂ, ਲੱਕ ਤੇ ਗਲੇ ਤੋਂ ਸੰਗਲਾਂ ਨਾਲ ਜਕੜਿਆ ਹੋਇਆ ਸੀ। ਸਰਹੰਦ ਵਿਚ ਉਨ੍ਹਾਂ ਨੂੰ ਬਜ਼ਾਰਾਂ ਵਿਚ ਦੀ ਲੰਘਾਇਆ ਗਿਆ, ਜਿਥੇ ਲੋਕ ਉਨ੍ਹਾਂ ਨੂੰ ਟਿਚਰਾਂ ਕਰਦੇ ਅਤੇ ਗਾਲ੍ਹਾਂ ਕਢਦੇ। ਸਿੰਘਾਂ ਨੇ ਸ਼ਬਦ ਪੜ੍ਹਦੇ ਹੋਏ ਸਭ ਕੁਝ ਧੀਰਜ ਨਾਲ ਸਹਿ ਲਿਆ।

੨੭ ਫਰਵਰੀ ੧੭੧੬ ਨੂੰ ਕੈਦੀ ਸਿੱਖਾਂ ਦੇ ਦਿੱਲੀ ਨੇੜੇ ਪੁੱਜਣ ਦੀ ਖ਼ਬਰ ਜਦ ਫ਼ਰਖ਼ਸੀਅਰ ਨੂੰ ਮਿਲੀ ਤਾਂ ਉਸ ਨੇ ਮੁਹੰਮਦ ਅਮੀਨ ਖਾਨ ਨੂੰ ਹੁਕਮ ਕੀਤਾ ਕਿ ਉਹ ਸਿੱਖ ਆਗੂ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀਆਂ ਨੂੰ ਬਾਦਸ਼ਾਹੀ ਮਹੱਲ ਤਕ ਇਕ ਜਲੂਸ ਵਿਚ ਲਿਆਉਣ ਦਾ ਪ੍ਰਬੰਧ ਕਰੇ। ੨੯ ਫਰਵਰੀ ੧੭੧੬ ਨੂੰ ਸਿੱਖਾਂ ਨੂੰ ਦਿੱਲੀ ਸ਼ਹਿਰ ਵਿਚ ਜਲੂਸ ਰਾਹੀਂ ਲਿਆਂਦਾ ਗਿਆ। ਸਭ ਤੋਂ ਅੱਗੇ ੨੦੦੦ ਸਿੱਖਾਂ ਦੇ ਸਿਰ, ਜਿਨ੍ਹਾਂ ਨੂੰ ਘਾਹ ਫੂਸ ਨਾਲ ਭਰਿਆ ਹੋਇਆ ਸੀ, ਨੇਜ਼ਿਆਂ ਤੇ ਟੰਗੇ ਹੋਏ ਸਨ। ਉਨ੍ਹਾਂ ਦੇ ਕੇਸ ਹਵਾ ਵਿਚ ਉਡ ਰਹੇ ਸਨ। ਫਿਰ ਇਕ ਮਰੀ ਹੋਈ ਬਿੱਲੀ ਬਾਂਸ ਉਤੇ ਟੰਗੀ ਹੋਈ ਸੀ–ਇਹ ਦਸਣ ਲਈ ਕਿ ਸਿੱਖਾਂ ਦੇ ਕਿਲ੍ਹੇ ਵਿਚ ਬਿੱਲੀ ਤਕ ਵੀ ਜੀਉਂਦੀ ਨਹੀਂ ਰਹਿਣ ਦਿਤੀ ਗਈ।



www.AKJ.Org

ਉਸ ਤੋਂ ਪਿੱਛੇ ਸਿੱਖਾਂ ਦੇ ਸਿਰਾਂ ਨਾਲ ਭਰੇ ਹੋਏ ੭੦੦ ਗੱਡੇ ਸਨ। ਉਸ ਉਪ੍ਰੰਤ ਇਕ ਝੂਮਦਾ ਹੋਇਆ ਹਾਥੀ ਆ ਰਿਹਾ ਸੀ, ਜਿਸ ਉਪਰ ਬਾਬਾ ਬੰਦਾ ਸਿੰਘ ਜੀ ਨੂੰ ਕੈਦ ਕੀਤਾ ਹੋਇਆ ਸੀ। ਉਨ੍ਹਾਂ ਦਾ ਮਜ਼ਾਕ ਉਡਾਉਣ ਲਈ ਉਨ੍ਹਾਂ ਦੇ ਸਿਰ ਉਤੇ ਤਿਲੇ ਦੀ ਕਢੀ ਹੋਈ ਲਾਲ ਪਗੜੀ ਬੱਧੀ ਹੋਈ ਸੀ ਅਤੇ ਤਿਲੇ ਨਾਲ ਕਢੀ ਹੋਈ ਗੂੜ੍ਹੇ ਫੁਲਾਂ ਵਾਲੀ ਪੁਸ਼ਾਕ ਪੁਆਈ ਹੋਈ ਸੀ। ਪਿੰਜਰੇ ਵਿਚ ਬਾਬਾ ਜੀ ਨੂੰ ਲੱਤਾਂ, ਗੋਡਿਆਂ ਬਾਹਾਂ ਤੇ ਗਲੇ ਵਿਚ ਸੰਗਲਾਂ ਨਾਲ ਜਕੜਿਆ ਹੋਇਆ ਸੀ ਤੇ ਪਿੰਜਰੇ ਦੀ ਨਿਗਰਾਨੀ ਲਈ ਇਕ ਤੂਰਾਨੀ ਅਫ਼ਸਰ, ਮੁਹੰਮਦ ਅਮੀਨ ਖਾਨ, ਨੰਗੀ ਤਲਵਾਰ ਹੱਥ ਵਿਚ ਲੈ ਕੇ, ਕਰ ਰਿਹਾ ਸੀ।

ਉਸ ਮਗਰੋਂ ੭੪੦ ਸਿੱਖ, ਦੋ ਦੋ ਕਰ ਕੇ ਊਠਾਂ ਤੇ ਬੱਧੇ ਆ ਰਹੇ ਸਨ। ਉਨ੍ਹਾਂ ਦੇ ਸਿਰਾਂ ਉਤੇ ਕਾਗਜ਼ਾਂ ਜਾਂ ਭੇਡ ਦੀ ਖੱਲ ਦੀਆਂ ਨੋਕਦਾਰ ਟੋਪੀਆਂ ਰੱਖੀਆਂ ਹੋਈਆਂ ਸਨ, ਜਿਨ੍ਹਾਂ ਨੂੰ ਸ਼ੀਸ਼ੇ ਦੇ ਮਣਕਿਆਂ ਨਾਲ ਸਜਾਇਆ ਹੋਇਆ ਸੀ। ਉਨ੍ਹਾਂ ਦੇ ਮੂੰਹਾਂ ਉਤੇ ਕਾਲਖ ਮਲੀ ਹੋਈ ਸੀ। ਕੁਝ ਉਘੇ ਸਿੰਘਾਂ ਨੂੰ ਭੇਡਾਂ ਦੀ ਖੱਲ ਪਾਈ ਹੋਈ ਸੀ, ਜਿਸ ਦੇ ਵਾਲ ਬਾਹਰ ਵਲ ਸਨ, ਤਾਂਕਿ ਸਿੱਖ ਰਿੱਛਾਂ ਦੀ ਤਰ੍ਹਾਂ ਦਿਸਣ। ਸਭ ਤੋਂ ਪਿਛੋਂ ਤਿੰਨ ਬਾਦਸ਼ਾਹੀ ਅਮੀਰ (੧) ਮੁਹੰਮਦ ਅਮੀਨ ਖਾਨ, (੨) ਕਮਰੂਦੀਨ ਖਾਨ ਅਤੇ (੩) ਜ਼ਕਰੀਆ ਖਾਨ ਘੋੜਿਆਂ ਤੇ ਚੜ੍ਹੇ ਆ ਰਹੇ ਸਨ।

'ਇਬਰਤ ਨਾਮੇ' ਦਾ ਲਿਖਾਰੀ ਮਿਰਜ਼ਾ ਮੁਹੰਮਦ ਹਾਰਿਸੀ, ਜਿਸ ਨੇ ਇਹ ਜਲੂਸ ਆਪਣੀ ਅਖੀਂ ਵੇਖਿਆ ਸੀ, ਉਹ ਦਿਲੀ ਨਿਮਕ ਮੰਡੀ ਤੋਂ ਬਾਦਸ਼ਾਹੀ ਕਿਲ੍ਹੇ ਤਕ ਜਲੂਸ ਦੇ ਨਾਲ ਨਾਲ ਗਿਆ ਸੀ। ਉਹ ਲਿਖਦਾ ਹੈ ਕਿ ਮੁਸਲਮਾਨ, ਸਿੱਖਾਂ ਦੀ ਇਹ ਦੁਰਦਸ਼ਾ ਵੇਖ ਕੇ ਖਿਲੀਆਂ ਮਚਾ ਰਹੇ ਸਨ, ਪਰ ਉਨ੍ਹਾਂ ਬਦਨਸੀਬ ਸਿੱਖਾਂ ਨੂੰ ਹਰ ਕੋਈ ਸਬਰ ਤੇ ਸੰਤੋਖ ਵਿਚ ਵੇਖ ਸਕਦਾ ਸੀ। ਉਨ੍ਹਾਂ ਦੇ ਚਿਹਰਿਆਂ ਉਤੇ ਉਦਾਸੀ ਜਾਂ ਅਧੀਨਤਾ ਦਾ ਕੋਈ ਮਾਮੂਲੀ ਨਿਸ਼ਾਨ ਜਾਂ ਪਰਭਾਵ ਵੀ ਨਹੀਂ ਸੀ। ਸਗੋਂ ਉਹ ਤਾਂ ਬਹੁਤ ਸਾਰੇ ਊਠਾਂ ਉਤੇ ਬਧੇ ਹੋਏ ਵੀ ਸ਼ਬਦ ਪੜ੍ਹਨ ਵਿਚ ਮਗਨ ਸਨ।

ਦਿੱਲੀ ਦੇ ਬਾਜ਼ਾਰਾਂ ਅਤੇ ਗਲੀਆਂ ਵਿਚ ਜੇ ਕੋਈ ਉਨ੍ਹਾਂ ਨੂੰ ਕਹਿੰਦਾ ਕਿ ਹੁਣ ਤੁਹਾਨੂੰ ਕਤਲ ਕਰ ਦਿਤਾ ਜਾਇਗਾ ਤਾਂ ਉਹ ਜਵਾਬ ਦੇਂਦੇ-ਕਰੋ ਕਤਲ-। ਅਸੀਂ ਕਤਲ ਹੋਣ ਤੋਂ ਕਦੋਂ ਡਰਦੇ ਹਾਂ? ਜੇ ਡਰਦੇ ਹੁੰਦੇ, ਤੁਹਾਡੇ ਨਾਲ ਇੰਜ ਜੰਗ ਕਿਉਂ ਕਰਦੇ? ਸਾਨੂੰ ਤਾਂ ਕੇਵਲ ਭੁੱਖ ਅਤੇ ਖਾਣੇ ਦਾਣੇ ਤੇ ਆਟੇ ਨੇ ਤੁਹਾਡੇ ਹੱਥ ਫਸਾ ਦਿਤਾ ਹੈ, ਨਹੀਂ ਤਾਂ ਸਾਡੇ ਕਾਰਨਾਮਿਆਂ ਦਾ ਤੁਹਾਨੂੰ ਪਤਾ ਹੀ ਹੈ।

'ਤਬਸਿਰਾਤੁ-ਨਾਜ਼ਰੀਨ' ਦਾ ਲਿਖਾਰੀ ਸਈਅਦ ਮੁਹੰਮਦ ਵੀ ਉਥੇ ਸੀ। ਉਹ ਕਹਿੰਦਾ ਹੈ ਕਿ ਮੈਂ ਉਸ ਵੇਲੇ ਇਸ਼ਾਰਾ ਕਰ ਕੇ ਇਕ ਸਿੱਖ ਨੂੰ ਕਿਹਾ ਕਿ ਇਹ ਘੁਮੰਡ ਕੀ ਤੇ ਨਖ਼ਰਾ ਕੀ? ਤਾਂ ਉਸ ਆਪਣਾ ਹੱਥ ਮੱਥੇ ਉਤੇ ਰਖਿਆ ਤੇ ਆਪਣੀ ਕਿਸਮਤ ਵਲ ਇਸ਼ਾਰਾ ਕੀਤਾ। ਉਸ ਵੇਲੇ ਮੈਨੂੰ ਉਸਦਾ ਅੰਦਰਲਾ ਭਾਵ ਦਸਣ ਦਾ ਢੰਗ ਬੜਾ ਚੰਗਾ ਲਗਾ।

ਜਦ ਇਹ ਜਲੂਸ ਲਾਲ ਕਿਲ੍ਹੇ ਦੇ ਨੇੜੇ ਪੁਜਾ ਤਾਂ ਬਾਬਾ ਬੰਦਾ ਸਿੰਘ ਜੀ ਤੇ ੨੭ ਆਗੂ ਬਹਾਦਰ ਸਰਦਾਰਾਂ ਨੂੰ ਲਾਲ ਕਿਲ੍ਹੇ ਵਿਚ ਬੰਦ ਕਰ ਦਿਤਾ ਗਿਆ ਤੇ ਬਾਕੀ ੬੯੪ ਸਿੱਖਾਂ ਨੂੰ ਕਤਲ ਕਰਨ ਲਈ ਸ਼ਹਿਰ ਦੇ ਕੋਤਵਾਲ ਸਰਬਰਾਹ ਖਾਨ ਦੇ ਹਵਾਲੇ ਕਰ ਦਿਤਾ ਗਿਆ। ਬਾਬਾ ਜੀ ਦੀ ਘਰ ਵਾਲੀ ਅਤੇ ਉਸ ਦਾ ਚਾਰ ਸਾਲਾ ਪੁੱਤਰ, ਅਜੈ ਸਿੰਘ ਤੇ ਉਸ ਦੀ ਖਿਡਾਵੀ ਨੂੰ ਸ਼ਾਹੀ ਜ਼ਨਾਨਖਾਨੇ ਦੇ ਪ੍ਰਬੰਧਕ ਦਰਬਾਰ ਖਾਨ ਨਜ਼ਰ ਲੈ ਗਿਆ। ਸਿੱਖਾਂ ਦੀ ਇਸ ਗ੍ਰਿਫਤਾਰੀ ਉਤੇ ਫਰਖਸੀਅਰ ਵਲੋਂ ਬੜੇ ਬੜੇ ਇਨਾਮ ਅਤੇ ਜਗੀਰਾਂ ਵੰਡੀਆਂ ਗਈਆਂ।

੫ ਮਾਰਚ ੧੭੧੬ ਨੂੰ ਕੋਤਵਾਲ ਸਰਬਰਾਹ ਖਾਨ ਦੀ ਨਿਗਰਾਨੀ ਵਿਚ ਕੈਦ ਹੋਏ ਸਿੱਖਾਂ ਦਾ ਕਤਲੇਆਮ ਸ਼ੁਰੂ ਹੋਇਆ। ਦਿੱਲੀ ਚਾਂਦਨੀ ਚੌਕ ਦੇ ਲਾਂਘੇ ਵਾਲੀ ਥਾਂ, ਲਾਲ ਕਿਲ੍ਹੇ ਦੇ ਸਾਹਮਣੇ, ਬਹੁਤ



www.AKJ.Org

ਖੁਲ੍ਹਾ ਜੰਗਲਾ ਵਲਿਆ ਹੋਇਆ ਸੀ, ਜਿਸ ਦੇ ਅੰਦਰ ਦੀ ਸਾਰੀ ਥਾਂ ਪਿਛਲੇ ਪੰਜਾਂ ਦਿਨਾਂ ਤੋਂ ਲਗਾਤਾਰ ਸੌ-ਸੌ ਸਿੱਖਾਂ ਦੇ ਰੋਜ਼ਾਨਾ ਕਤਲ ਕਰਨ ਕਰਕੇ ਲਾਲ ਖ਼ੂਨ ਨਾਲ ਰੰਗੀ ਹੋਈ ਸੀ।

ਕਲ੍ਹ ਦੇ ਵਗੇ ਹੋਏ ੧੦੦ ਸਿੱਖ ਜਵਾਨਾਂ ਦੇ ਖ਼ੂਨ ਦੇ ਰੋੜ੍ਹ, ਹਾਲਾਂ ਸੁਕੇ ਨਹੀਂ ਸਨ ਅਤੇ ਕਈ ਲਾਸ਼ਾਂ ਵੀ ਉਥੇ ਪਈਆਂ ਸਨ। ਗੁਰੂ ਕਲਗੀਧਰ ਦੀ ਮੋਹਰ, ਲੰਬੇ ਕੇਸ ਤੇ ਦਾਹੜੇ, ਖ਼ੂਨ ਅਤੇ ਮਿੱਟੀ ਨਾਲ ਲਿਬੜੇ ਇਕ ਭਿਆਨਕ ਨਜ਼ਾਰਾ ਪੇਸ਼ ਕਰਦੇ ਸਨ, ਜਿਸ ਨੂੰ ਵੇਖ ਕੇ ਇਨਸਾਨੀ ਦਿਲ ਰਖਣ ਵਾਲਾ ਹਿਰਦਾ ਦਹਿਲ ਜਾਂਦਾ ਸੀ।

ਅਜ ਛੇਵੇਂ ਦਿਨ ਵੀ ਰੋਜ਼ ਦੀ ਤਰ੍ਹਾਂ ਸੂਰਜ ਚੜ੍ਹਨ ਤੇ ਹਜ਼ਾਰਾਂ ਲੋਕ ਹਿਰਦੇ-ਵੇਧਕ ਨਜ਼ਾਰਾ ਵੇਖਣ ਲਈ ਜੰਗਲੇ ਦੇ ਆਲੇ-ਦੁਆਲੇ ਇਕੱਠੇ ਹੋਣੇ ਸ਼ੁਰੂ ਹੋ ਗਏ। ਇਤਨੇ ਚਿਰ ਵਿਚ ਇਕ ਤਕੜੀ ਗਾਰਦ ਦੇ ਪਹਿਰੇ ਹੇਠ ਇਕ ਸੌ ਸਿੰਘਾਂ ਨੂੰ ਜੰਗਲੇ ਦੇ ਅੰਦਰ ਦਾਖ਼ਲ ਕੀਤਾ ਗਿਆ। ਜਲਾਦ ਵੀ ਤਲਵਾਰਾਂ ਸੂਤ ਕੇ ਪਹੁੰਚ ਗਏ, ਆਪਣੀ ਆਪਣੀ ਨੀਯਤ ਥਾਂ ਤੇ ਖੜੋ ਗਏ। ਸਿੰਘਾਂ ਨੂੰ ਵੀ ਇਕ ਲਾਈਨ 'ਚ ਹਥਿਆਰ-ਬੰਦ ਗਾਰਦ ਦੀ ਨਿਗਰਾਨੀ ਹੇਠ ਖੜਾ ਕਰ ਦਿਤਾ ਗਿਆ। ਜੰਗਲੇ ਦੇ ਅੰਦਰ ਇਕ ਪਾਸੇ ਮੁਫਤੀ ਸਾਹਿਬ ਮੂੜ੍ਹੇ ਉਤੇ ਆ ਬੈਠੇ ਅਤੇ ਲਾਈਨ ਵਿਚੋਂ ਇਕ ਇਕ ਕਰਕੇ ਸਿੱਖਾਂ ਨੂੰ ਮੁਫਤੀ ਸਾਹਿਬ ਦੇ ਪੇਸ਼ ਕੀਤਾ ਜਾਣ ਲਗ ਪਿਆ। ਜੋ ਅਗੋਂ ਉਨ੍ਹਾਂ ਨੂੰ ਕੇਸ-ਦਾਹੜੀ ਕਟਵਾਉਣ ਅਤੇ ਇਸਲਾਮ ਧਰਮ ਪਰਵਾਨ ਕਰਨ ਲਈ ਪ੍ਰੇਰਦਾ ਹੋਇਆ ਕਹਿੰਦਾ, "ਇਸਲਾਮ ਜਾਂ ਮੌਤ, ਕਿਆ ਮਨਜ਼ੂਰ ਹੈ ?" ਉਤਰ ਵਜੋਂ ਸਿੰਘ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ' ਜਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਅਤੇ ਮੌਤ ਦਾ ਸੁਆਗਤ ਕਰਦੇ।

ਇਨ੍ਹਾਂ ਸ਼ਹੀਦੀਆਂ ਦੇ ਸਮੇਂ ਦੀਆਂ, ਸਿੱਖਾਂ ਦੀਆਂ ਬਹਾਦਰੀ ਦੀਆਂ ਕਹਾਣੀਆਂ ਬੜੀਆਂ ਹੈਰਾਨ ਕਰਨ ਵਾਲੀਆਂ ਹਨ। ਖ਼ਾਫ਼ੀ ਖਾਨ ਆਪਣੀ ਪੁਸਤਕ 'ਮੁੰਤਖ਼ਿਬੁਲ-ਲੁਬਾਬ ਵਿਚ ਲਿਖਦਾ ਹੈ :—

ਕਈ ਲੋਕ ਅਜਿਹੀਆਂ ਕਹਾਣੀਆਂ ਸੁਣਾਉਂਦੇ ਹਨ ਜਿਨ੍ਹਾਂ ਨੂੰ ਅਕਲ ਸੱਚ ਨਹੀਂ ਮੰਨਦੀ, ਪਰ ਇਨ੍ਹਾਂ ਵਰਕਿਆਂ ਦੇ ਲਿਖਾਰੀ ਨੇ ਜੋ ਕੁਝ ਵੀ ਆਪਣੀ ਅਖੀਂ ਵੇਖਿਆ ਹੈ, ਉਹੋ ਹੀ ਲਿਖਦਾ ਹਾਂ। ਇਨ੍ਹਾਂ ਲੋਕਾਂ ਦੇ ਕਤਲ ਸਮੇਂ ਇਕ ਲੜਕਾ ਵੀ ਸੀ, ਜੋ ਆਪਣੀ ਵਿਧਵਾ ਮਾਂ ਦਾ ਇਕਲੌਤਾ ਪੁੱਤਰ ਸੀ। ਹੋਰਨਾਂ ਸਿੱਖਾਂ ਦੀ ਤਰ੍ਹਾਂ ਆਪਣੇ ਪੁਤਰ ਸਿਰ ਕੂਕ ਰਹੀ ਮੌਤ ਦੀ ਗੱਲ ਸੁਣ ਕੇ ਉਹ ਬਿਰਧ ਮਾਈ ਦੀਵਾਨ ਰਤਨ ਚੰਦ ਕੋਲ ਪੁਜੀ ਅਤੇ ਉਸ ਦੀ ਸਹਾਇਤਾ ਨਾਲ ਸੱਯਦ ਅਬਦੁੱਲਾ ਅਤੇ ਬਾਦਸ਼ਾਹ ਫ਼ਰਖ਼ਸੀਅਰ ਪਾਸ ਫਰਿਆਦ ਕੀਤੀ। ਬਾਦਸ਼ਾਹ ਦੇ ਇਸ ਹੁਕਮ ਦੀ ਆੜ ਵਿਚ ਕਿ ਜੇ ਕੋਈ ਸਿੱਖ ਧਰਮ ਤਿਆਗ ਦੇਵੇਗਾ, ਉਸ ਨੂੰ ਛੱਡ ਦਿਤਾ ਜਾਏਗਾ, ਇਸ ਬੁੱਢੀ ਮਾਈ ਨੇ ਸ਼ਾਇਦ ਰਤਨ ਚੰਦ ਦੇ ਸਿਖਾਉਣ ਅਨੁਸਾਰ ਬੇਨਤੀ ਕੀਤੀ ਕਿ ਮੇਰਾ ਪੁਤਰ ਤਾਂ ਸਿੱਖਾਂ ਦੇ ਹੱਥ ਕੈਦ ਵਿਚ ਸੀ, ਉਹ ਆਪ ਸਿੱਖ ਨਹੀਂ ਹੈ। ਉਨ੍ਹਾਂ ਦੀ ਕੈਦ ਵਿਚ ਹੀ ਉਹ ਇਥੇ ਆ ਗਿਆ ਹੈ ਅਤੇ ਹੁਣ ਬੇਗੁਨਾਹ ਹੀ ਉਨ੍ਹਾਂ ਨਾਲ ਮਾਰਿਆ ਜਾ ਰਿਹਾ ਹੈ। ਫ਼ਰਖਸੀਅਰ ਨੂੰ ਉਸ ਮਾਈ ਤੇ ਤਰਸ ਆ ਗਿਆ ਅਤੇ ਉਸ ਨੇ ਇਕ ਅਫਸਰ ਨੂੰ ਹੁਕਮ ਦੇ ਕੇ ਭੇਜਿਆ ਕਿ ਇਸ ਮਾਈ ਦੇ ਪੁਤਰ ਨੂੰ ਛੱਡ ਦਿਤਾ ਜਾਏ।

ਉਹ ਮਾਈ ਰਿਹਾਈ ਦਾ ਹੁਕਮ ਲੈ ਕੇ ਸ਼ਹੀਦੀਆਂ ਵਾਲੀ ਥਾਂ ਤੇ ਉਸ ਵੇਲੇ ਪੁਜੀ ਜਿਸ ਵੇਲੇ ਜੱਲਾਦ ਲਹੂ ਭਰੀ ਤਲਵਾਰ ਲੈ ਕੇ ਉਸਦੇ ਲੜਕੇ ਕੋਲ ਖੜੋਤਾ ਸੀ। ਜਦ ਲੜਕੇ ਨੂੰ ਕੋਤਵਾਲ ਤੋਂ ਸਾਰੀ ਗੱਲ ਦਾ ਪਤਾ ਲਗਾ ਤਾਂ ਉਸ ਨੇ ਰਿਹਾ ਹੋਣੋਂ ਇਨਕਾਰ ਕਰ ਦਿਤਾ ਅਤੇ ਉਚੀ ਉਚੀ ਕਹਿਣ ਲਗਾ, ਮੇਰੀ ਮਾਂ ਝੂਠ ਬੋਲਦੀ ਹੈ, ਮੈਂ ਦਿਲੋਂ ਮਨੋਂ ਆਪਣੇ ਗੁਰੂ ਦਾ ਸਿਦਕੀ ਸਿੱਖ ਹਾਂ ਅਤੇ ਗੁਰੂ ਦੀ ਮੋਹਰ ਕੇਸਾਂ ਨੂੰ ਜਾਨ ਤੋਂ ਪਿਆਰਾ ਸਮਝਦਾ ਹਾਂ। ਜਲਦੀ ਕਰੋ, ਮੈਨੂੰ ਮੇਰੇ ਸ਼ਹੀਦ ਭਰਾਵਾਂ ਕੋਲ ਭੇਜੋ।

ਇਹ ਉਪਰਲੇ ਬੋਲ ਜੋ ਉਸ ਜਵਾਨ ਬੱਚੇ ਨੇ ਕਹੇ, ਇਹ ਉਨ੍ਹਾਂ ਫ਼ਾਰਸੀ ਅੱਖਰਾਂ ਦਾ ਉਲੱਥਾ (ਤਰਜਮਾ) ਹਨ ਜਿਨ੍ਹਾਂ ਨੂੰ ਉਸ ਅਖੀਂ ਵੇਖਣ ਵਾਲੇ ਇਤਿਹਾਸਕਾਰ 'ਖ਼ਾਫ਼ੀ ਖਾਨ' ਨੇ ਲਿਖਿਆ ਹੈ ਉਹ।



www.AKJ.Org

ਫ਼ਾਰਸੀ ਲਿਖਤ ਇਸ ਤਰ੍ਹਾਂ ਹੈ :—

ਮਾਦਰਮ ਦਰੋਗ ਗੋਇਅੰਦ
ਮਨ ਬਾ-ਦਿਲੋ ਜਾਨ ਅਜ਼ ਮੋਅਤਕਿਦਾਂ,
ਵਾ ਫ਼ਿਦਾਇਆਨੇ ਜਾਂ-ਨਿਸਾਰ ਮੁਰਸ਼ਦ ਖ਼ੁਦਮ,
ਮਰਾ ਜ਼ੂਦ ਬਾ-ਰਫ਼ੀਕਾਨੇ ਮਨ ਰਸਾਨੇਦ ।

ਸਰਕਾਰੀ ਅਫ਼ਸਰਾਂ ਦੀਆਂ ਸਮਝੌਤੀਆਂ ਅਤੇ ਮਾਂ ਦੇ ਦਰਦ ਭਰੇ ਕੀਰਨੇ ਤੇ ਹੰਝੂ ਭਰੀਆਂ ਅੱਖਾਂ ਤੇ ਮਿੰਨਤਾਂ ਬੱਚੇ ਦੇ ਸਿਦਕ ਨੂੰ ਡੁਲਾ ਨ ਸਕੀਆਂ । ਉਹ ਮੁੜ ਕਤਲ ਕਰਨ ਵਾਲੀ ਥਾਂ ਅੰਦਰ ਪੁਜ ਗਿਆ ਅਤੇ ਸ਼ਹੀਦ ਹੋਣ ਲਈ ਆਪਣੀ ਗਰਦਨ ਜੱਲਾਦ ਦੇ ਸਾਹਮਣੇ ਕੀਤੀ, ਜੋ ਕਿ ਅੱਖ ਦੀ ਫੋਰ ਵਿਚ ਕਟੀ ਗਈ ਤੇ ਉਹ ਧਰਮੀ ਬੱਚਾ ਸਕੇ ਸ਼ਹੀਦਾਂ ਵਿਚ ਜਾ ਦਾਖ਼ਲ ਹੋਇਆ ।

ਦਿੱਲੀ ਚਾਂਦਨੀ ਚੌਂਕ ਵਿਚ ਹੋਈ ਇਨ੍ਹਾਂ ੬੯੪ ਸਿੰਘ ਦੀ ਕਤਲਾਮ ਦੀ ਰੀਪੋਰਟ ੧੦ ਮਾਰਚ ਸੰਨ ੧੭੧੬ ਨੂੰ ਮਿਸਟਰ ਜੋਹਨ ਸਰਮਨੇ (ਅੰਗਰੇਜ਼ ਸਫ਼ੀਰ) ਬੰਗਾਲ ਦੇ ਅੰਗਰੇਜ਼ ਗਵਰਨਰ ਨੂੰ ਭੇਜਦਾ ਹੋਇਆ ਇਉਂ ਲਿਖਦਾ ਹੈ :-

"They are, one hundred each day beheaded, with what patience, they undergo that none has apostatized from the new formed religion."
(Early Record of British India)

ਭਾਵ :—"ਉਨ੍ਹਾਂ ਨੂੰ ਸੌ ਸੌ ਕਰ ਕੇ ਰੋਜ਼ਾਨਾ ਕਤਲ ਕੀਤਾ ਜਾਂਦਾ ਹੈ ਅਤੇ ਜਿਸ ਸਿਦਕ-ਦਿਲੀ ਨਾਲ ਉਹ ਮੌਤ ਨੂੰ ਕਬੂਲਦੇ ਹਨ, ਕੋਈ ਥੋੜੀ ਜਿਹੀ ਗੱਲ ਨਹੀਂ । ਅੰਤਲੀ ਘੜੀ ਤਕ ਉਨ੍ਹਾਂ ਵਿਚ ਇਕ ਵੀ ਆਦਮੀ ਅਜਿਹਾ ਨਹੀਂ ਮਿਲਿਆ ਜਿਸ ਨੇ ਆਪਣੇ ਇਸ ਨਵੇਂ ਧਰਮ (ਸਿਖੀ) ਨੂੰ ਤਿਆਗਿਆ ਹੋਵੇ ।"

ਉਪਰ ਲਿਖੀ ਇਤਿਹਾਸਕ ਘਟਨਾ ਤੋਂ ਪਾਠਕ ਚੰਗੀ ਤਰ੍ਹਾਂ ਸਮਝ ਸਕਦੇ ਹਨ ਕਿ ਸਾਡੇ ਵਡੇਰਿਆਂ ਦਾ ਸਿੱਖੀ ਨਾਲ ਕਿਤਨਾ ਪਿਆਰ ਸੀ । ਉਹ ਸਿੱਖੀ ਅਸੂਲਾਂ ਨੂੰ ਛਡਣ ਨਾਲੋਂ ਮਰ ਜਾਣਾ ਚੰਗਾ ਸਮਝਦੇ ਸਨ । ਦਿੱਲੀ ਦੀ ਕਤਲਾਮ ਦੀ ਘਟਨਾ ਤੋਂ ਲੈ ਕੇ ਲਗ ਪਗ ੫੦ ਸਾਲ ਮਗਰੋਂ ਤਕ ਦਾ ਸਮਾਂ ਸਿਖਾਂ ਲਈ ਬੜਾ ਕਹਿਰ ਦਾ ਸਮਾਂ ਸੀ । ਇਸ ਸਮੇਂ ਦਿੱਲੀ ਦੀ ਸਰਕਾਰ ਵਲੋਂ ਕਈ ਹੁਕਮਨਾਮੇ ਜਾਰੀ ਕੀਤੇ ਗਏ ਕਿ ਜਿਥੇ ਕਿਤੇ ਵੀ ਕੋਈ ਸਿੱਖ ਵੇਖੋ, ਬਿਨਾਂ ਦਸੇ, ਬਿਨਾਂ ਪੁਛੇ, ਗੋਲੀ ਨਾਲ ਮਾਰ ਦਿਓ । ਜੋ ਸਿੱਖ ਦਾ ਸਿਰ ਕਟ ਕੇ ਸਰਕਾਰੇ ਪੇਸ਼ ਕਰੇ, ਉਸ ਨੂੰ ਸਰਕਾਰ ਵਲੋਂ ਇਨਾਮ ਮਿਲਦਾ ਸੀ । ਇਸੇ ਕਰਕੇ ਮੁਗਲ ਤੇ ਪਠਾਣ ਸਰਕਾਰੀ ਅਹਿਲਕਾਰ ਹਥਾਂ 'ਚ ਬੰਦੂਕਾਂ ਲਈ ਸਿੱਖਾਂ ਦਾ ਸ਼ਿਕਾਰ ਖੇਡਣ ਲਈ ਚੜ੍ਹੇ ਰਹਿੰਦੇ । ਜਿਥੇ ਕਿਧਰੇ ਵੀ ਕੇਸਾਂ-ਦਾਹੜੀ ਵਾਲਾ, ਸਿਰ ਉਤੇ ਦਸਤਾਰ-ਬੱਧੀ ਮਿਲ ਜਾਂਦਾ, ਗੋਲੀ ਦਾ ਨਿਸ਼ਾਨਾ ਬਣਾ ਦਿਤਾ ਜਾਂਦਾ । ਪਰ ਸ਼ਾਬਾਸ਼ ! ਉਨ੍ਹਾਂ ਬਹਾਦਰ, ਧਰਮੀ ਸਿਦਕੀ ਸਿੱਖਾਂ ਦੇ, ਜਿਨ੍ਹਾਂ ਨੇ ਗੋਲੀ ਦਾ ਨਿਸ਼ਾਨਾ ਬਣਨਾ ਤਾਂ ਪਰਵਾਨ ਕਰ ਲਿਆ ਪਰ ਸਿੱਖੀ ਅਸੂਲ ਅਤੇ ਕੇਸ-ਦਾਹੜੀ ਦਾ ਪਿਆਰ-ਸਤਿਕਾਰ ਨਹੀਂ ਛਡਿਆ । ਉਹ ਸਿੰਘ ਆਪਣੀ ਰਹਿਣੀ-ਬਹਿਣੀ ਜਿਥੇ ਗੁਰਬਾਣੀ ਅਨੁਸਾਰ ਬਿਤਾਉਣ ਦੀ ਪੂਰੀ ਪੂਰੀ ਕੋਸ਼ਿਸ਼ ਕਰਦੇ ਹੁੰਦੇ ਸਨ ਉਥੇ ਬਾਹਰਲੀ ਸ਼ਕਲ-ਸੂਰਤ, ਕੇਸ-ਦਾਹੜੀ ਨੂੰ ਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਦਾਤ ਸਮਝ ਕੇ, ਗੁਰੂ ਵਰਗੀ ਜਾਣ ਕੇ, ਉਸ ਨੂੰ ਦਿਲੋਂ ਮਨੋਂ ਪਿਆਰ ਤੇ ਸਤਿਕਾਰ ਕਰਦੇ ਸਨ । ਉਹ ਇਸ ਤਰ੍ਹਾਂ ਪੜ੍ਹਿਆ ਕਰਦੇ ਸਨ :—

ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨ ਜਾਏ ।

ਅਸੀਂ ਵੀ ਗੁਰੂ ਪਾਤਸ਼ਾਹ ਦੇ ਸਿੱਖ ਅਖਵਾਉਂਦੇ ਹਾਂ । ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਵੀ ਆਪਣੇ ਵੱਡੇ ਵਡੇਰਿਆਂ ਦੀ ਤਰ੍ਹਾਂ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੀਏ । ਗੁਰ ਉਪਦੇਸ਼ਾਂ ਨੂੰ ਪੜ੍ਹੀਏ, ਸਮਝੀਏ ਅਤੇ ਉਸ ਅਨੁਸਾਰ ਆਪਣਾ ਜੀਵਨ ਸਫਲ ਬਣਾਉਣ ਦੀ ਕੋਸ਼ਿਸ਼ ਕਰੀਏ ।



www.AKJ.Org

# ਆਚਰਨ-ਉਸਾਰੀ ਵਿਚ ਦਸਮੇਸ਼ ਜੀ ਦੀ ਦੇਣ

[ਵਲੋਂ—ਪ੍ਰੋਫ਼ੈਸਰ ਸਾਹਿਬ ਸਿੰਘ ਜੀ, ਡੀ. ਲਿਟ.]

(੧) ਜੰਗ ਦੇ ਮੌਕੇ ਤੇ ਵੈਰੀ ਦਾ **ਜ਼ਰ ਤੇ ਜੋਰੂ ਕਿਸੇ ਧਰਮ** ਨੇ ਮਨ੍ਹਾ ਨਹੀਂ ਸੀ ਕੀਤਾ, ਹਰੇਕ ਦੇਸ ਤੇ ਕੌਮ ਵਿਚ ਜਾਇਜ਼ ਹੀ ਮਿਥੇ ਗਏ ਸਨ। ਸਤਿਗੁਰੂ ਜੀ ਨੇ "ਅੰਮ੍ਰਿਤ" ਦਾ ਪ੍ਰਣ ਲੈ ਕੇ ਇਸ ਦੇ ਵਿਰੁੱਧ ਇਤਨੀ ਕਰੜਾਈ ਵਰਤੀ ਕਿ ਵੈਰੀ ਦੀ ਭੀ ਇਸਤ੍ਰੀ ਦੀ ਇੱਜ਼ਤ ਨੂੰ ਹੱਥ ਪਾਣ ਵਾਲੇ ਸਿੰਘ ਨੂੰ ਗੁਰੂ-ਘਰ ਤੋਂ ਖ਼ਾਰਜ ਕਰਨ ਦਾ ਹੁਕਮ ਦੇ ਦਿੱਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਵੈਰੀਆਂ ਨੇ ਭੀ ਸਿੰਘਾਂ ਦੇ ਉੱਚੇ ਆਚਰਨ ਨੂੰ ਇਉਂ ਸਲਾਹਿਆ—

*ਜ਼ਰੋ ਜ਼ੇਵਰੇ ਜ਼ਨ ਬ-ਤਾਰਾਜ਼ ਨੀਜ਼। ਨ ਗੀਰੰਦ ਗਰ ਮੁਹਰਾ ਅਸਤ ਵਰ ਕਨੀਜ਼॥
†ਜ਼ਨਾਹ ਹਮ ਨ ਬਾਸ਼ਦ ਮਿਆਨੇ ਸਗਾਂ। ਨ ਪੈਦਾਸਤ ਸਾਰਕ ਦਰਾਂ ਬਦ-ਰਗਾਂ॥

(੨) ਹਿੰਦੂ ਧਰਮ ਦੇ ਆਗੂਆਂ ਨੇ ਸਦੀਆਂ ਤੋਂ ਜਾਤੀ-ਵੰਡ ਕਰ ਕੇ 'ਬੀਰਤਾ' ਖਤਰੀ ਜਾਤੀ ਦੇ ਹਿੱਸੇ ਵਿਚ ਕਰ ਦਿੱਤੀ ਹੋਈ ਸੀ। ਇਸ ਦਾ ਸਿੱਟਾ ਇਹ ਨਿਕਲਿਆ ਸੀ ਕਿ ਸਾਰੀ ਦੀ ਸਾਰੀ ਕੌਮ ਨਿਤਾਣੀ ਜਿਹੀ ਹੋ ਗਈ ਸੀ, ਪਠਾਣ ਤੇ ਮੁਗਲ ਰਾਜ ਵੇਲੇ ਹਿੰਦੂ ਜਨਤਾ ਆਪਣੇ ਮਾਣ ਤੇ ਇੱਜ਼ਤ ਦੀ ਰਾਖੀ ਵਾਸਤੇ ਰਾਜਪੂਤਾਂ ਤੇ ਮਰਹੱਟਿਆਂ ਉਤੇ ਹੀ ਆਸਾਂ ਲਾਈ ਰਖਦੀ ਸੀ।

ਸਤਿਗੁਰੂ ਜੀ ਨੇ "ਅੰਮ੍ਰਿਤ" ਦੇ ਪ੍ਰਣ ਵੇਲੇ ਹਰੇਕ ਅੰਮ੍ਰਿਤ-ਧਾਰੀ ਨੂੰ ਸ਼ਸਤਰ-ਧਾਰੀ ਰਹਿਣ ਦਾ ਹੁਕਮ ਦੇ ਕੇ ਮਨੁੱਖ-ਜਾਤੀ ਵਿਚੋਂ ਇਹ **ਕਾਇਰਤਾ ਤੇ ਨਿਤਾਣਾ-ਪਣ** ਕੱਢ ਦਿੱਤਾ। ਕੌਮ ਦੇ ਅੰਦਰ ਸ੍ਵੈ-ਮਾਣਤਾ ਦੀ ਲਹਿਰ ਚੱਲ ਪਈ।

(੩) ਸਦੀਆਂ ਤੋਂ ਹਿੰਦੂ ਕੌਮ ਵਿਚ **ਉੱਚੀ ਨੀਵੀਂ ਜਾਤ** ਦਾ ਭਰਮ ਇਤਨਾ ਪ੍ਰਬਲ ਤੁਰਿਆ ਆ ਰਿਹਾ ਸੀ ਕਿ ਇਕ ਦੂਜੇ ਦੇ ਪਰਛਾਵੇਂ ਨਾਲ ਭੀ ਛੁਹਣਾ ਪਾਪ ਸਮਝਿਆ ਜਾਂਦਾ ਸੀ। ਇਸ ਅਛੂਤ-ਪੁਣੇ ਦੇ ਵਿਰੁੱਧ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹਰੇਕ ਗੁਰੂ ਨੇ ਜ਼ੋਰਦਾਰ ਪ੍ਰਚਾਰ ਕੀਤਾ, ਲੰਗਰ ਵਿਚ ਪੰਗਤ ਸਾਂਝੀ ਸ਼ੁਰੂ ਹੋ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ "ਅੰਮ੍ਰਿਤ" ਇਕੋ ਬਾਟੇ ਵਿਚ ਛਕਾ ਕੇ ਇਸ ਅਛੂਤ-ਪੁਣੇ ਨੂੰ ਜੜ੍ਹਾਂ ਤੋਂ ਹੀ ਕੱਟ ਦਿੱਤਾ।

(੪) **ਮੌਸਮੀ ਤਿਉਹਾਰ** ਹਰੇਕ ਦੇਸ ਵਿਚ ਮਨਾਏ ਜਾਂਦੇ ਹਨ। ਇਹਨਾਂ ਦਾ ਮਨਾਣਾ ਲੋਕਾਂ ਦੀ ਸੇਹਤ ਤੇ ਸੁਭਾਉ ਉਤੇ ਚੰਗਾ ਅਸਰ ਪਾਂਦਾ ਹੈ। ਹਿੰਦੂ-ਜਾਤੀ ਨੇ ਇਹਨਾਂ ਤਿਉਹਾਰਾਂ ਨੂੰ ਧਾਰਮਿਕ ਰੰਗਣ ਦੇ ਦਿੱਤੀ। ਸਹਿਜੇ ਸਹਿਜੇ ਕਈ ਤਿਉਹਾਰ ਬੜੇ ਗੰਦੇ ਤਰੀਕੇ ਨਾਲ ਮਨਾਏ ਜਾਣ ਲੱਗ ਪਏ, ਖ਼ਾਸ ਕਰ ਕੇ "ਹੋਲੀਆਂ"। ਇਕ ਦੂਜੇ ਦੇ ਉਤੇ ਗੰਦ ਸੁੱਟਣ ਤੱਕ ਭੀ ਆ ਅਪੜਨਾ, ਪਿੰਡਾਂ ਵਿਚ ਕੰਜਰੀਆਂ ਦੇ ਮੁਜਰੇ ਕਰਾਣੇ, ਜਿਥੇ ਸ਼ਰਾਬ ਦਾ ਦੌਰ ਭੀ ਚੱਲਣਾ। ਇਸ ਤਰ੍ਹਾਂ ਭਾਈਚਾਰਕ ਵਸੇਬੇ ਵਿਚ ਕਈ ਉਪਾਧੀਆਂ ਪੈਦਾ ਹੋਣ ਲੱਗ ਪਈਆਂ। ਆਪੋ ਵਿਚ ਤੇ ਗੁਆਂਢੀ ਕੌਮ ਨਾਲ ਫ਼ਸਾਦ ਹੋ ਪੈਣੇ—ਇਹ ਗੱਲ ਆਮ ਹੋ ਗਈ।

ਸਤਿਗੁਰੂ ਜੀ ਨੇ ਸਾਰੀ ਦੀ ਸਾਰੀ ਸਿੱਖ ਕੌਮ ਨੂੰ ਇਸ ਗੰਦੇ ਰਿਵਾਜ ਤੋਂ ਵਰਜ ਕੇ ਇਹ ਦਿਨ ਸ਼ਸਤਰ-ਅਭਿਆਸ ਵਾਸਤੇ ਨੀਯਤ ਕਰ ਦਿੱਤੇ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਇਕ ਤਾਂ ਸਿੱਖ ਉਸ

---

*ਲੁਟ ਸਮੇਂ ਨਾ ਹੀ ਇਹ ਕਿਸੇ ਔਰਤ ਦਾ ਰੁਪਿਆ ਜਾਂ ਗਹਿਣਾ ਹੀ ਲੁਟਦੇ ਹਨ, ਭਾਵੇਂ ਉਹ ਸਵਾਣੀ ਹੋਵੇ ਭਾਵੇਂ ਉਹ ਗੋਲੀ-ਬਾਂਦੀ।

†ਇਨ੍ਹਾਂ ਸਗਾਂ (ਕੁੱਤਿਆਂ) ਵਿਚ ਵਿਭਚਾਰ ਵੀ ਨਹੀਂ ਹੈ ਅਤੇ ਨਾ ਹੀ ਇਹ ਭੈੜੀਆਂ ਰਗਾਂ ਵਾਲੇ ਚੋਰੀ ਹੀ ਕਰਦੇ ਹਨ।



www.AKJ.Org

ਗੰਦੇ ਰਿਵਾਜ ਵਲੋਂ ਹਟ ਕੇ ਉਸ ਦੇ ਕਾਰਨ ਪੈਦਾ ਹੋ ਰਹੀਆਂ ਇਖ਼ਲਾਕੀ ਕਮਜ਼ੋਰੀਆਂ ਤੋਂ ਬਚ ਗਏ, ਦੂਜੇ, ਸ਼ਸਤਰ-ਅਭਿਆਸ ਦੀ ਬਰਕਤ ਨਾਲ "ਬੀਰਤਾ" ਪੈਦਾ ਹੋ ਗਈ।

(੫) ਹਿੰਦੂ-ਜਨਤਾ ਨਿਰੀ ਰਾਜਸੀ ਗ਼ੁਲਾਮੀ ਵਿਚ ਹੀ ਨਹੀਂ ਫੱਸੀ ਹੋਈ ਸੀ, ਦਿਮਾਗ਼ੀ ਤੌਰ ਤੇ ਭੀ ਗ਼ੁਲਾਮੀ ਦੇ ਇਤਨੇ ਜ਼ੰਜੀਰ ਪਏ ਹੋਏ ਸਨ ਕਿ ਆਮ ਹਿੰਦੂ ਸੱਜਣ ਦੀ ਰੋਜ਼ਾਨਾ ਜ਼ਿੰਦਗੀ ਡਾਢੀ ਹਾਸੋ-ਹੀਣੀ ਹੋ ਚੁਕੀ ਸੀ। ਇਤਨੇ ਭਰਮ-ਵਹਿਮ ਵਧੇ ਹੋਏ ਸਨ ਕਿ ਜੀਵਨ ਦਾ ਕੋਈ ਭੀ ਉੱਦਮ ਇਹਨਾਂ ਦੇ ਅਸਰ ਤੋਂ ਬਚਿਆ ਹੋਇਆ ਨਹੀਂ ਸੀ। ਏਥੋਂ ਤਕ, ਕਿ ਜੇ ਇਕ ਜ਼ਿਮੀਦਾਰ ਨਵੇਂ ਫ਼ਸਲ ਵਾਸਤੇ ਜ਼ਿਮੀ ਵਾਹਣ ਜਾਂਦਾ ਸੀ ਤਾਂ ਪਾਂਧੇ ਨੂੰ ਪਹਿਲਾਂ ਪੁੱਛਦਾ ਕਿ ਭੁਇੰ ਜਾਗਦੀ ਹੈ ਜਾਂ ਸੁੱਤੀ ਹੋਈ। ਜੇ ਕੋਈ ਮਨੁੱਖ ਘਰੋਂ ਵਾਂਢੇ ਤੁਰਦਾ ਤਾਂ ਪੰਡਤ ਤੋਂ ਮਹੂਰਤ ਪੁੱਛ ਕੇ, ਜੇ ਉਸ ਪਾਸੇ ਦਾ ਮਹੂਰਤ ਨਾ ਫਬਦਾ ਹੋਵੇ ਤਾਂ ਪੈਂਤੜਾ ਆਦਿਕ ਰੱਖਣਾ ਪੈਂਦਾ ਸੀ।

ਕਈ ਹਾਨੀਕਾਰਕ ਮਿਥੇ ਹੋਏ ਦੇਵਤਿਆਂ ਦੀ ਪ੍ਰਸੰਨਤਾ ਹਾਸਲ ਕਰਨ ਵਾਸਤੇ ਉਹਨਾਂ ਦੀ ਕਈ ਕਿਸਮ ਦੀ ਉਪਾਸ਼ਨਾ ਕੀਤੀ ਜਾਂਦੀ ਸੀ, ਜਿਵੇਂ ਛਨਿਛਰ ਦੇਵਤੇ ਨੂੰ ਛਨਿੱਛਰ ਵਾਰ ਮਾਂਹ, ਤੇਲ, ਲੋਹਾ ਆਦਿਕ ਭੇਟਾ ਕਰਨਾ।

ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਭਰਮਾਂ-ਵਹਿਮਾਂ ਦੇ ਵਿਰੁਧ ਖ਼ਾਸ ਕਰੜਾਈ ਵਰਤੀ; ਕਈ ਮੌਕਿਆਂ ਤੇ ਪਰਖ ਭੀ ਕੀਤੀ ਕਿ ਸਿੰਘ ਕਿਤੇ ਅਜੇ ਭੀ ਇਹਨਾਂ ਵਹਿਮਾਂ ਦਾ ਸ਼ਿਕਾਰ ਤਾਂ ਨਹੀਂ ਹਨ; ਚੁਨਾਂਚਿ "ਕੜਾ" ਛਨਿੱਛਰ ਦੇਵਤੇ ਦੇ ਦਬਾਉ ਹੇਠੋਂ ਕੱਢਣ ਦੀ ਯਾਦਗਾਰ ਵਿਚ ਹਰੇਕ ਸਿੱਖ ਨੂੰ ਪਹਿਨਣ ਦਾ ਹੁਕਮ ਹੋਇਆ ਸੀ। ਖ਼ਾਲਸੇ ਵਾਸਤੇ ਇਹ ਇਕ ਅਟੱਲ ਹੁਕਮ ਹੈ—

"ਜ ਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨਿ ਨੈਕ ਨ ਆਨੈ।"

---

## ਨਾਰੰਗਵਾਲ ਖ਼ੁਰਦ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਮਾਸਟਰ ਬਲਬੀਰ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੀ ਬੱਚੀ ਦੇ ਅਨੰਦ ਕਾਰਜ ਦੀ ਸਫਲਤਾ ਲਈ ੯ ਜਨਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਦਰਸ਼ਨ ਦੇ ਕੇ ਨਿਵਾਜਣ।

## ਪੰਡੋਰੀ ਜਮਾਲੇ ਦੀ [ਫਗਵਾੜਾ] ਵਿਖੇ ਰੈਣ ਸਬਾਈ ਕੀਰਤਨ

ਡਾ: ਚਰਨ ਸਿੰਘ ਜੀ ਫਗਵਾੜਾ ਸੂਚਨਾ ਦਿੰਦੇ ਹਨ ਕਿ ਇਲਾਕੇ ਦੇ ਅਖੰਡ ਕੀਰਤਨੀ ਜਥਿਆਂ ਵਲੋਂ ੨੩ ਜਨਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪੰਡੋਰੀ, ਫਗਵਾੜੇ ਤੋਂ ਘੁੰਮਣਾਂ ਮਾਣਕਾਂ ਵਾਲੀ ਸੜਕ ਤੇ ਚਾਰ ਮੀਲਾਂ ਤੇ ਹੈ। ਆਖ਼ਰੀ ਬਸ ਪੌਣੇ ਪੰਜ ਵਜੇ ਮਿਲਦੀ ਹੈ। ਸ਼ਾਮ ਨੂੰ ਸਤ ਵਜੇ ਫਗਵਾੜੇ ਤੋਂ ਪੰਡੋਰੀ ਲਈ ਟਰਾਲੀ ਚਲੇਗੀ।

## ਜਲੰਧਰ ਸਮਾਗਮ ਤੇ ਗੁਆਚੀਆਂ ਵਸਤੂਆਂ

ਭਾਈ ਸਾਹਿਬ ਜਸਵੰਤ ਸਿੰਘ ਜੀ ਅਖਡ ਕੀਰਤਨੀ ਜਥਾ ਜਲੰਧਰ ਸੂਚਨਾ ਦਿੰਦੇ ਹਨ ਕਿ ਕਤਕ ਪੂਰਨ-ਮਾਸ਼ੀ ਗੁਰਪੁਰਬ ਸਮਾਗਮ ਤੇ ਹੇਠ ਲਿਖੀਆਂ ਵਸਤੂਆਂ ਰਿਹਾਇਸ਼ੀ ਕਮਰਿਆਂ ਵਿਚੋਂ ਮਿਲੀਆਂ ਹਨ—ਤੋਲੀਆ 1, ਬਨੈਨਾਂ 2, ਜੁਰਾਬਾਂ 1 ਜੋੜਾ, ਕਿਰਪਾਨ ਗਾਤਰੇ ਵਾਲੀ 1, ਸ਼ਾਲ 1, ਥੈਲਾ 1, ਫਰਾਕ 1, ਕਛਹਿਰਾ 1—

## ਮੋਗਾ ਵਿਖੇ ਸਾਲਾਨਾ ਰੈਣ ਸਬਾਈ ਕੀਰਤਨ ਸਮਾਗਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦੀ ਦਿਵਸ ਦੀ ਯਾਦ ਵਿਖੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੋਸਾਂਝ ਰੋਡ ਮੋਗਾ ਵਿਖੇ ੧੬ ਜਨਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ ਹੋਣਗੇ ਅਤੇ ੧੭ ਜਨਵਰੀ ਰਾਤ ਨੂੰ ੭ ਤੋਂ ੧੧ ਤਕ ਅਖੰਡ ਕੀਰਤਨ ਹੋਣਗੇ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ। ਪੁਛ ਗਿਛ—ਮਾਸਟਰ ਚੇਤ ਸਿੰਘ, ਇੰਦਰ ਸਿੰਘ ਗਿਲ ਨਗਰ, ਮੋਗਾ

www.AKJ.Org

# ਜ਼ੁਲਮ ਦੀ ਅਤਿ

ਸਾਰੇ ਜਹਾਨ ਦੇ ਸਾਹਮਣੇ ਹੈ ਕਿ ਪੁਲਿਸ ਨੇ ਪਿੰਡ ਸੰਧੂ ਚੱਠਾ, ਕਾਲਾ ਸੰਘਾ ਅਤੇ ਪਾਂਸ਼ਟਾ ਵਿਚ ਕਥਿਤ ਕਾਤਲਾਂ ਦੇ ਘਰਾਂ ਨੂੰ ਸਮਾਨ ਸਮੇਤ ਢਾਹ-ਫੂਕ ਛਡਿਆ ਹੈ, ਫ਼ਸਲਾਂ ਬਰਬਾਦ ਕਰ ਦਿਤੀਆਂ ਹਨ ਅਤੇ ਉਨ੍ਹਾਂ ਦੇ ਬੱਚਿਆਂ, ਬੀਬੀਆਂ ਅਤੇ ਰਿਸ਼ਤੇਦਾਰਾਂ ਉਤੇ ਬਹੁਤ ਤਸ਼ੱਦਦ ਕੀਤਾ ਅਤੇ ਉਨ੍ਹਾਂ ਦੀ ਖੁਲ੍ਹੇਆਮ ਬਦ-ਸਲੂਕੀ ਤੇ ਗਾਲ੍ਹਾਂ ਨਾਲ ਬੇਇਜ਼ਤੀ ਕੀਤੀ। ਅਤੇ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿਚ ਮਹੀਨੇ ਭਰ ਤੋਂ ਰਖਿਆ ਹੋਇਆ ਹੈ।

ਸਿਖ ਜਨਤਾ ਪੁਛਦੀ ਹੈ ਕਿ ਅਜਿਹੀ ਬਦ-ਸਲੂਕੀ ਤੇ ਤਸ਼ੱਦਦ ਕਿਸ ਕਾਨੂੰਨ ਅਧੀਨ ਕੀਤਾ ਜਾ ਰਿਹਾ ਹੈ? ਸਪਸ਼ਟ ਹੈ ਕਿ ਪੁਲਿਸ ਕਥਿਤ ਕਾਤਲਾਂ ਨੂੰ ਪਕੜਨ ਵਿਚ ਅਸਫਲ ਰਹੀ ਹੈ ਅਤੇ ਆਪਣੀ ਨਾਕਾਮੀ ਉਤੇ ਛਿੱਥੀ ਪੈ ਕੇ ਹੋਛੇ ਹਥਿਆਰਾਂ ਉਤੇ ਉਤਰ ਆਈ ਹੈ–

ਪਹਿਲਾਂ ਇਹ ਕਤਲ-ਵਾਰਦਾਤਾਂ ਭਿੰਡਰਾਂ ਵਾਲੇ ਜਥੇ ਦੇ ਸਿਰ ਮੜ੍ਹੀਆਂ ਗਈਆਂ, ਪਰ ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਇਸ ਤੋਂ ਮਗਰੋਂ ਅਖੰਡ ਕੀਰਤਨੀ ਜਥੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। **ਅਖੰਡ ਕੀਰਤਨੀ ਜਥੇ ਦੀ ਅਤਿਵਾਦੀ ਪਾਲਿਸੀ ਨਹੀਂ। ਇਸ ਜਥੇ ਦੀ ਪਾਲਿਸੀ ਨਾਮ ਜਪਣਾ, ਬਾਣੀ ਪੜ੍ਹਨੀ, ਧਰਮ ਦੀ ਕਿਰਤ ਕਰਨੀ, ਉਸ ਵਿਚੋਂ ਆਪਣਾ ਨਿਰਬਾਹ ਕਰਨਾ ਅਤੇ ਲੋੜਵੰਦਾਂ ਦੀ ਮਦਦ ਕਰਨਾ ਹੈ।**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਰ ਬਾਰ ਬੇਅਦਬੀ ਹੋਈ, ਪਰ ਸਰਕਾਰ ਨੇ ਹਰ ਵਾਰ ਸੰਬੰਧਤ ਦੋਸ਼ੀਆਂ ਨੂੰ ਪਕੜਨ ਅਤੇ ਸਜ਼ਾ ਦੇਣ ਦੀ ਲੋੜ ਹੀ ਨਹੀਂ ਸਮਝੀ। ਨਿਰੰਕਾਰੀਆਂ ਹਥੋਂ ਦੋ ਦਰਜਨ ਤੋਂ ਵਧ ਸਿੰਘ ਕਤਲ ਕੀਤੇ ਗਏ, ਅੱਸੀ ਨੱਬੇ ਗੰਭੀਰ ਜ਼ਖਮੀ ਹੋਏ; ਪਰ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਸਰਕੀ। ਚਿੱਟੇ ਦਿਨ ਇਤਨੇ ਕਤਲ ਹੋਣ ਦੇ ਬਾਵਜੂਦ, ਸਰਕਾਰੀ ਕਾਨੂੰਨ ਹੁੰਦਿਆਂ ਸੁੰਦਿਆਂ ਸਿਖ ਕੌਮ ਨੂੰ ਕੋਈ ਇਨਸਾਫ਼ ਨਹੀਂ ਦਿਤਾ ਗਿਆ। ਉਸ ਵਕਤ ਦੇ ਸਰਕਾਰ ਵਲੋਂ ਨਾਮਜ਼ਦ ਕੀਤੇ ਇਸ਼ਤਿਹਾਰੀ ਭਗੌੜੇ ਸਾਲ ਭਰ ਨਾ ਆਪ ਪੇਸ਼ ਹੋਏ ਅਤੇ ਨਾ ਹੀ ਸਰਕਾਰ ਨੇ ਪਕੜਨ ਦੀ ਕੋਈ ਵਿਸ਼ੇਸ਼ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਪਰਵਾਰ ਅਮਨ ਚੈਨ ਵਿਚ ਸੁਖੀ ਜ਼ਿੰਦਗੀ ਮਾਣਦੇ ਰਹੇ। ਕਾਨੂੰਨ ਦੀ ਕਿਤਾਬ ਵਿਚ ਜਿਹੜਾ ਵਰਕਾ ਹੁਣ ਪਾਇਆ ਗਿਆ ਹੈ ਉਹ ਉਸ ਵੇਲੇ ਕਿਥੇ ਸੀ? ਕਤਲ ਤਾਂ ਕਤਲ ਹੀ ਹੁੰਦਾ ਹੈ, ਭਾਵੇਂ ਕਿਸੇ ਦਾ ਹੋਵੇ! ਕੀ ਸਿਖਾਂ ਦਾ ਖ਼ੂਨ ਸਸਤਾ ਹੈ?

ਪੰਜਾਬ ਵਿਚ ਵਰਤੀਆਂ ਘਟਨਾਵਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਰ ਬਾਰ ਕੀਤੀ ਗਈ ਅਤੇ ਕੀਤੀ ਜਾ ਰਹੀ ਬੇਅਦਬੀ ਅਤੇ ਸਰਕਾਰ ਵਲੋਂ ਸਿਖਾਂ ਪ੍ਰਤੀ ਵਰਤੇ ਜ਼ੋਰ-ਜ਼ੁਲਮ ਦਾ ਹੀ ਸਿੱਟਾ ਪ੍ਰਤੀਤ ਹੁੰਦੀਆਂ ਹਨ। ਕੁਝ ਕੁ ਨੌਜਵਾਨਾਂ ਵਲੋਂ ਵਿਅਕਤੀਗਤ ਰੂਪ ਵਿਚ ਹੋਈਆਂ ਘਟਨਾਵਾਂ ਲਈ ਕਿਸੇ ਸੰਸਥਾ ਜਾਂ ਪਾਰਟੀ ਨੂੰ ਸੰਬੰਧਤ ਕਰਨਾ ਸਰਾਸਰ ਵਧੀਕੀ ਹੈ।

ਨਿਰਦੋਸ਼ ਸਿਖ ਪਰਵਾਰਾਂ ਅਤੇ ਖਾਸ ਕਰਕੇ ਬੀਬੀਆਂ ਦੀ ਬੇਇਜ਼ਤੀ ਸਮੁਚੇ ਖਾਲਸਾ ਪੰਥ ਲਈ ਅਕਹਿ ਦੁਖਦਾਈ ਹੈ। ਇਸ ਨਾਜਾਇਜ਼ ਹਰਕਤ ਦੁਆਰਾ ਸਰਕਾਰ ਕਾਨੂੰਨ ਨੂੰ ਛਿੱਕੇ ਤੇ ਟੰਗ ਕੇ ਪੰਥ ਨਾਲ ਟਕਰਾ ਦੇ ਹਾਲਾਤ ਪੈਦਾ ਕਰ ਰਹੀ ਹੈ। ਜੇ ਸਰਕਾਰ ਗ਼ੈਰ-ਕਾਨੂੰਨੀ ਹਰਕਤਾਂ ਆਪ ਕਰੇ ਤਾਂ ਜਨਤਾ ਦਾ ਰੱਬ ਰਾਖਾ!

ਅਜਬ ਗੱਲ ਹੈ ਕਿ ਜੇ ਕਿਸੇ ਦੇ ਸਿਰ ਦੋਸ਼ ਪਾਇਆ ਜਾਂਦਾ ਹੈ ਤਾਂ ਉਸ ਦੇ ਸਾਰੇ ਪਰਵਾਰ, ਸਨਬੰਧੀ, ਘਰ ਬਾਰ, ਜਾਇਦਾਦ ਉਜਾੜ ਪੁਜਾੜ ਦਿਤੇ ਜਾਂਦੇ ਹਨ ਅਤੇ ਇਸ ਤਰ੍ਹਾਂ ਦਹਿਸ਼ਤ ਫੈਲਾਈ ਜਾ ਰਹੀ ਹੈ। ਸਰਕਾਰੀ ਨੌਕਰੀਆਂ ਕਰ ਰਹੇ ਅੰਮ੍ਰਿਤਧਾਰੀ ਸਿਖਾਂ ਤੋਂ ਘੋਖ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੇ ਕਿਸ ਜਥੇ ਤੋਂ



www.AKJ.Org

ਅੰਮ੍ਰਿਤ ਛਕਿਆ ਹੋਇਆ ਹੈ ।

ਸਪਸ਼ਟ ਹੈ ਕਿ ਸਿਖੀ ਸਰੂਪ ਵਾਲੇ ਵਿਅਕਤੀਆਂ ਨੂੰ ਨਿਸ਼ਾਨਾ ਬਣਾ ਕੇ ਕੌਮ ਦਾ ਮੁਰਾਲ ਡੇਗਣ ਦੀਆਂ ਕੋਸ਼ਸ਼ਾਂ ਕੀਤੀਆਂ ਜਾ ਰਹੀਆਂ ਹਨ । ਇੰਜ ਸਰਕਾਰ ਅੱਗ ਭੜਕਾ ਰਹੀ ਹੈ । ਖਾਲਸਾ ਜ਼ੁਲਮ ਨਾਲ ਕਦੀ ਨਹੀਂ ਦਬਿਆ ।

ਅਸੀਂ ਸਰਕਾਰ ਦੇ ਵਤੀਰੇ ਵਿਰੁਧ ਸਖ਼ਤ ਪ੍ਰੋਟੈਸਟ ਕਰਦੇ ਹੋਏ ਸਰਕਾਰ ਨੂੰ ਚਿਤਾਵਨੀ ਦਿੰਦੇ ਹਾਂ ਕਿ ਇਨ੍ਹਾਂ ਕਤਲ-ਕਾਂਡਾਂ ਲਈ ਜੋ ਭੀ ਕਾਰਵਾਈ ਕਰੇ, ਉਹ ਕਿਸੇ ਕਾਨੂੰਨੀ ਜ਼ਾਬਤੇ ਅੰਦਰ ਰਹਿ ਕੇ ਕਰੇ । ਇਸ ਤਰ੍ਹਾਂ ਜ਼ੋਰ-ਜ਼ੁਲਮ ਦਾ ਬਜ਼ਾਰ, ਜੋ ਹੁਣ ਦਿਨੋ ਦਿਨ ਸਰਕਾਰ ਵਲੋਂ ਗਰਮ ਕੀਤਾ ਜਾ ਰਿਹਾ ਹੈ, ਇਹ ਅੰਧੇਰ-ਗਰਦੀ ਵਲ ਲਿਜਾ ਰਿਹਾ ਹੈ ।

ਸਰਬੱਤ ਖਾਲਸਾ ਜੀ ਦਾ ਫ਼ਰਜ਼ ਬਣ ਜਾਂਦਾ ਹੈ ਕਿ ਪੰਥ ਦੀ ਚੜ੍ਹਦੀ ਕਲਾ ਲਈ ਅਤੇ ਗੁਰਸਿਖ ਪਰਵਾਰਾਂ ਦੀ ਸੁਖ ਸਾਂਦ ਲਈ ਨਿਤਾਪ੍ਰਤਿ ਨਿਤਨੇਮ ਤੋਂ ਇਲਾਵਾ ਬਾਣੀ ਦਾ ਪਾਠ ਕਰ ਕੇ ਅਰਦਾਸ ਕੀਤੀ ਜਾਵੇ ।

---

## 'ਸੂਰਾ' ਦੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਬੇਨਤੀ ਹੈ ਕਿ ਖ਼ਰਚਾਂ ਦੇ ਬਹੁਤ ਵਧ ਜਾਣ ਕਾਰਨ ਮਜਬੂਰਨ ਚੰਦਾ ੧੫/-ਰੁਪਏ ਸਾਲ ਪਿਛਲੇ ਮਹੀਨੇ ਤੋਂ ਕਰਨਾ ਪਿਆ ਹੈ । ਅਮਾਨਤੀ ਲਾਈਫ ਮੈਂਬਰਾਂ ਦੀ ਅਮਾਨਤ ਅਗੇ ਸੌ ਸੌ ਰੁਪਏ ਬੈਂਕ ਵਿਚ ਜਮ੍ਹਾ ਪਈ ਹੈ, ਜਿਸ ਤੋਂ ਦਸ ਰੁਪਏ ਸਾਲ ਸੂਦ, ਚੰਦੇ ਵਜੋਂ ਸਾਨੂੰ ਮਿਲ ਰਿਹਾ ਹੈ । ਹੁਣ ਅਮਾਨਤ ਦੀ ਇਹ ਰਕਮ ਆਪ ਜੀ ਦੀ ਹੋਰ ਬੈਂਕ ਵਿਚ ਪੰਜਾਹ ਪੰਜਾਹ ਜਮ੍ਹਾ ਹੋਵੇ ਤਾਂ ਹੀ ਸਾਨੂੰ ਸੂਦ ੧੫/- ਸਾਲ, ਚੰਦੇ ਵਜੋਂ ਮਿਲੇਗਾ । ਸੋ ਪੁਰਾਣੇ ਅਮਾਨਤੀ ਲਾਈਫ਼ ਮੈਂਬਰ ਹੋਰ ਪੰਜਾਹ,ਪੰਜਾਹ ਰੁਪਏ ਭੇਜਣ । ਜਿਨ੍ਹਾਂ ਸਜਣਾਂ ਵਲੋਂ ਇਹ ੫੦/-ਰੁਪਏ ਪੁਜ ਰਹੇ ਹਨ, ਉਨ੍ਹਾਂ ਦਾ ਵੇਰਵਾ ਟਾਈਟਲ ਅਖ਼ੀਰ ਅੰਦਰਵਾਰ ਦਿਤਾ ਜਾ ਰਿਹਾ ਹੈ ।

---

## ਪਾਠਕ ਸਜਣਾਂ ਪਾਸ ਬੇਨਤੀਆਂ

**ਪਰਚੇ ਗੁੰਮ**—ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰ ਕੇ ਡਾਕੇ ਪਾਇਆ ਜਾਂਦਾ ਹੈ । ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ । ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿਆਂਗੇ ।

**ਪਾਠਕ ਸਜਣੋ** ! ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਕਿਰਪਾ ਕਰਕੇ ਓਦੋਂ ਹੀ ਮਨੀਆਰਡਰ ਭੇਜੋ ਜੀ । ਜਦੋਂ ਪਰਚਾ ਬੰਦ ਹੋ ਜਾਂਦਾ ਹੈ ਓਦੋਂ ਚੰਦਾ ਜਿਹੜੇ ਸਜਣ ਭੇਜਦੇ ਹਨ, ਰਜਿਸਟਰਾਂ ਵਿਚ ਬੜੀ ਕਟ ਵਧ ਕਰਨੀ ਪੈਂਦੀ ਹੈ । ਸੋ ਵਕਤ ਸਿਰ ਹੀ ਚੰਦਾ ਭੇਜਣ ਦੀ ਕਿਰਪਾ ਕੀਤੀ ਜਾਵੇ ।

**ਨਵੇਂ ਗਾਹਕ**—ਪਾਠਕ ਵੀਰੋ, ਬੇਨਤੀ ਹੈ ਕਿ ਜਿਥੇ ਆਪਣੇ ਚੰਦੇ ਮੁਕਣ ਸਾਰ ਤੁਰਤ ਭੇਜੋ ਉਥੇ ਹੰਭਲਾ ਮਾਰੋ ਅਤੇ ਇਕ ਇਕ ਦੋ ਦੋ ਹੋਰ ਨਵੇਂ ਸਜਣਾਂ ਨੂੰ ਪ੍ਰੇਰ ਕੇ ਸੂਰੇ ਦੇ ਮੈਂਬਰ ਬਣਾਓ ।

**ਚਿਟ ਨੰਬਰ**—ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ ।

**ਬੈਂਕ ਚੈਕ**—ਚੰਦੇ ਜਾਂ ਹੋਰ ਕੋਈ ਰਕਮ ਅੰਮ੍ਰਿਤਸਰ ਦੇ ਕਿਸੇ ਬੈਂਕ ਦੇ ਡਰਾਫ਼ਟ ਰਾਹੀਂ ਹੀ ਭੇਜੋ । ਜੇ ਚੈਕ ਭੇਜਣ ਦੀ ਮਜਬੂਰੀ ਹੋਵੇ ਤਾਂ ਅੰਮ੍ਰਿਤਸਰ ਦੇ ਕਿਸੇ ਬੈਂਕ ਦਾ ਲੋਕਲ ਚੈਕ ਨਾ ਹੋਣ ਦੀ ਹਾਲਤ ਵਿਚ ਬੈਂਕ ਕਮਿਸ਼ਨ ਵਾਧੂ ਛੇ ਰੁਪਏ ੬/-ਭੇਜੋ ਜੀ ।

ਦਾਸ—ਮੈਨੇਜਰ 'ਸੂਰਾ'



www.AKJ.Org

# ਸਿਖ ਕੌਮ ਦੀ ਇੱਜ਼ਤ ਤੇ ਕਮੀਨੇ ਹਮਲੇ

(ਵਲੋਂ–ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ) )

ਅਖ਼ਬਾਰ 'ਪ੍ਰਤਾਪ' ਉਰਦੂ ਦਾ ਐਡੀਟਰ 'ਕੇ. ਨਰੇਂਦਰ' ਨਾ ਜਾਣੇ ਕਿਉਂ, ਸਿੱਖ ਕੌਮ ਦੇ ਵਿਰੁੱਧ ਹਮੇਸ਼ਾ ਜ਼ਹਿਰ ਉਗਲਦਾ ਰਹਿੰਦਾ ਹੈ, ਕਦੇ ਐਡੀਟੋਰੀਅਲ ਵਿਚ, ਕਦੀ ਕਿਸੇ ਹੋਰ ਸਿੱਖ ਭਾਵਨਾਵਾਂ ਦੇ ਵੈਰੀ ਲਿਖਾਰੀ ਕੋਲੋਂ ਮਜ਼ਮੂਨ ਲਿਖਵਾ ਕੇ ਪਰਚੇ ਵਿਚ ਛਾਪਦਾ ਹੈ। ੨੫–੧੧–੮੧ 'ਅਫ਼ਸਾਨਾ ਐਡੀਸ਼ਨ' ਦੇ ਪੰਨਾ ੬ ਤੇ ਇਸ ਨੇ ਇਕ ਅਫ਼ਸਾਨਾ 'ਵਟਸ ਰਾਂਗ ਵਿਦ ਯੂ' ਦੇ ਸਿਰਲੇਖ ਹੇਠ ਛਾਪਿਆ ਹੈ। ਇਸ ਦੇ ਲਿਖਾਰੀ ਦਾ ਨਾਮ ਮਸਊਦ ਮਿਰਜ਼ਾ ਨਿਆਜ਼ੀ ਦਿਤਾ ਹੈ। ਇਸ ਵਿਚ ਸਿਖਾਂ ਦੀ ਇੱਜ਼ਤ ਤੇ ਅਣਖ ਉੱਤੇ ਕਮੀਨਾ ਹਮਲਾ ਕੀਤਾ ਗਿਆ ਹੈ। ਇਕ ਸਿਖ ਇਸਤ੍ਰੀ ਮਿਸਜ਼ ਸਿੰਘ' ਨੂੰ ਕਿਸੇ 'ਗੁਪਤਾ' ਨਾਮ ਦੇ ਬੰਦੇ ਨਾਲ ਵਿਭਚਾਰ ਕਰਦਾ ਦਿਖਾਇਆ ਹੈ ਤੇ ਵਿਚ ਵਿਚ ਬਹੁਤ ਹੀ ਗੰਦਾ ਤੇ ਨਾ-ਜ਼ੇਬ ਨਜ਼ਾਰਾ ਦਰਸਾਇਆ ਹੈ। ਇਹ ਸਾਰਾ ਅਫ਼ਸਾਨਾ ਸਿਖ ਹਿਰਦਿਆਂ ਨੂੰ ਵਿਲੂੰਧਰਨ ਤੇ ਜਜ਼ਬਾਤ ਨੂੰ ਭੜਕਾਉਣ ਵਾਲਾ ਹੈ। ਜਿਤਨਾ ਜ਼ਿਮੇਵਾਰ ਇਸ ਗੰਦੇ ਅਫ਼ਸਾਨੇ ਦਾ ਲਿਖਾਰੀ ਹੈ, ਇਸ ਤੋਂ ਜ਼ਿਆਦਾ ਕਲੰਕ ਦਾ ਟਿੱਕਾ ਇਸ ਨੂੰ ਛਾਪਣ ਵਾਲੇ ਦੇ ਮੱਥੇ ਤੇ ਲਗਦਾ ਹੈ। ਮਹਾਸ਼ਾ ਕੇ. ਨਰੇਂਦਰ ਜੀ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਜਿਸ ਸਿਖ ਕੌਮ (ਖਾਲਸੇ) ਨੇ ਨਾਦਰਾਂ ਨੇ ਅਬਦਾਲੀਆਂ ਕੋਲੋਂ ਤੁਹਾਡੀਆਂ ਧੀਆਂ ਭੈਣਾਂ ਦੀਆਂ ਇੱਜ਼ਤਾਂ ਬਚਾਈਆਂ ਉਨ੍ਹਾਂ ਉਤੇ ਇਸ ਭਾਂਤ ਦੇ ਕਮੀਨੇ ਹਮਲੇ ਕਰ ਕੇ ਤੁਸੀਂ ਖੁਸ਼ੀ ਪ੍ਰਾਪਤ ਕਰ ਰਹੇ ਹੋ। ਹੈਫ਼ ਹੈ ਤੁਹਾਡੀ ਅਕਲ ਅਤੇ ਤੁਹਾਡੇ ਸਭਿਆਚਾਰ ਤੇ। ਜੇਕਰ ਗੁਰੂ ਗੋਬਿੰਦ ਸਿੰਘ ਖ਼ਾਲਸੇ ਦੀ ਸਾਜਨਾ ਨਾ ਕਰਦੇ ਤਾਂ ਕੇ. ਨਰੇਂਦਰ ਜੀ ਦੀ ਥਾਂ ਤੇ ਤੁਸੀਂ ਕਾਜ਼ੀ ਨੂਰ ਮੁਹੰਮਦ ਜਾਂ ਨੂਰੁਦੀਨ ਹੁੰਦੇ।

ਮਿਰਜ਼ਾ ਨਿਆਜ਼ੀ ਜੀ ਦੀ ਗੰਦੀ ਜ਼ਹਿਨੀਅਤ ਦਾ ਭਾਂਡਾ ਤਾਂ ਚੌਰਾਹੇ ਵਿਚ ਫੁੱਟਾ ਹੈ। ਉਸ ਨੂੰ ਚਾਹੀਦਾ ਹੈ ਕਿ ਆਪਣੇ ਦਿਮਾਗ ਦਾ ਇਲਾਜ ਕਰਵਾਏ ਤੇ ਆਪਣੇ ਅੱਗ ਲਾਊ ਜਜ਼ਬਾਤ ਤੇ ਕੰਟਰੋਲ ਕਰੇ। ਕਿਸੇ ਦੀਆਂ ਭਾਵਨਾਵਾਂ ਤੇ ਚੋਟਾਂ ਮਾਰਨੀਆਂ ਦੋਜ਼ਖੀ ਬਣਨ ਦੇ ਤੁੱਲ ਹੈ।

---

# ਬਾਬਾ ਦੀਪ ਸਿੰਘ ਜੀ ਸ਼ਹੀਦ ਤਿੰਨ-ਸੌ ਸਾਲਾ ਜਨਮ ਸ਼ਤਾਬਦੀ

## ੨੬-੨੭ ਜਨਵਰੀ ੧੯੮੨ ਨੂੰ ਅਖੰਡ ਕੀਰਤਨ ਪਰੋਗਰਾਮਾਂ ਵਿਚ ਸ਼ਾਮਲ ਹੋਵੋ

ਸ਼ਰੋਮਣੀ ਕਮੇਟੀ ਵਲੋਂ ਪੰਥਕ ਪਧਰ ਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਤਿੰਨ-ਸੌ-ਸਾਲਾ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ। ਬ ਬਾ ਦੀਪ ਸਿੰਘ ਜੀ ਦੇ ਜਨਮ ਅਸਥਾਨ ਪਹੁਵਿੰਡ (ਲਾਗੇ ਬੀੜ ਬਾਬਾ ਬੁੱਢਾ ਸਾਹਿਬ) ਵਿਖੇ ੨੬ ਜਨਵਰੀ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਕੀਰਤਨ ਹੋਣੇ ਹਨ। ਦਸ ਵਜੇ ਇਕ ਭਾਰੀ ਜਲੂਸ ਟਰੱਕਾਂ, ਟਰਾਲੀਆਂ ਤੇ ਬਸਾਂ ਆਦਿ ਰਾਹੀਂ ਉਥੋਂ ਚਲੇਗਾ ਅਤੇ ਸ਼ਾਮ ਦੇ ਪੰਜ ਵਜੇ ਦੇ ਕਰੀਬ ਸ੍ਰੀ ਅੰਮ੍ਰਿਤਸਰ ਵਿਖੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ (ਚਾਟੀਵਿੰਡ ਗੇਟ) ਵਿਖੇ ਪੁਜੇਗਾ।

ਸਮੂਹ ਅਖੰਡ ਕੀਰਤਨੀ ਜਥੇ ਕੀਰਤਨ ਕਰਦੇ ਹੋਏ ਜਲੂਸ ਵਿਚ ਸ਼ਾਮਲ ਹੋਣ। ੨੬ ਜਨਵਰੀ ਮੰਗਲਵਾਰ ਰਾਤ ਨੂੰ ਅਤੇ ੨੭ ਜਨਵਰੀ ਬੁਧਵਾਰ ਸਵੇਰੇ ਦੇ ਸਜੇ ਦੀਵਾਨਾਂ ਵਿਚ ਅਖੰਡ ਕੀਰਤਨ ਵਿਚ ਭਾਰੀ ਗਿਣਤੀ ਵਿਚ ਪੁਜ ਕੇ ਹਾਜ਼ਰੀਆਂ ਭਰੋ ਅਤੇ ਗੁਰੂ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

---

**ਭਾਈ ਕੰਵਰ ਸਿੰਘ ਦੇ ਪਿੰਡ ਸੰਧਰਾਂ ਸੋਢੀਆਂ (ਹੁਸ਼ਿਆਰਪੁਰ) ਵਿਖੇ ੩੧ ਜਨਵਰੀ ਸਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ।**

www.AKJ.Org

**ਰਿਸ਼ਤੇ ਨਾਤੇ**—ਲੋੜਵੰਦ ਸੱਜਣ ਚਿਠੀ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਲਫ਼ਾਫ਼ੇ ਦੇ ਬਾਹਰ ਫ਼ਾਰਮ ਨੰ: ਜ਼ਰੂਰ ਲਿਖਣ । ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ।

**ਫ਼ਾਰਮ ਨੰ:** 150—ਇਕ ਰਿਟਾਇਰ ਗੁਰਸਿਖ ਅਫਸਰ ਦੀ ਕੇਸਕੀ ਸੰਜੁਕਤ ਅੰਮ੍ਰਿਤਧਾਰੀ ਬੀਬੀ, ਉਮਰ 22 ਸਾਲ, ਕੱਦ 5 ਫ਼ੁਟ 4 ਇੰਚ, ਐਮ. ਏ, ਇੰਗਲਿਸ਼, ਤਨਖਾਹ 1100/—ਰੁਪਏ ਮਹੀਨਾ, ਲਈ ਅੰਮ੍ਰਿਤਧਾਰੀ ਜਾਂ ਅੰਮ੍ਰਿਤ ਛਕਣ ਲਈ ਰਜ਼ਾਮੰਦ ਵਰ ਦੀ ਲੋੜ ਹੈ, ਜੋ ਘਟੋ ਘਟ ਗਰੈਜੂਏਟ ਅਤੇ ਕਾਰੋਬਾਰ ਵਿਚ ਭਲੀ ਭਾਂਤ ਸੈਟਲ ਹੋਇਆ ਹੋਵੇ । ਮਾਸਾਹਾਰੀ ਨਾ ਹੋਵੇ ।

**ਫ਼ਾਰਮ ਨੰ:** 151—ਇਕ ਅੰਮ੍ਰਿਤਧਾਰੀ 22 ਸਾਲਾ ਨਿਤਨੇਮੀ ਬੀਬੀ, ਕੱਦ 5 ਫੁਟ 4 ਇੰਚ ਬੀ. ਏ. ਪਾਸ ਲਈ ਘਟੋ ਘਟ ਇਕ ਹਜ਼ਾਰ ਮਾਸਕ ਆਮਦਨ ਵਾਲੇ ਅੰਮ੍ਰਿਤਧਾਰੀ ਨਿਤਨੇਮੀ ਗੁਰਸਿਖ ਵਰ ਦੀ ਲੋੜ ਹੈ ।

**ਫ਼ਾਰਮ ਨੰ:** 152—ਇਕ ਅੰਮ੍ਰਿਤਧਾਰੀ ਅਠਵੀਂ ਪਾਸ ਸਿੰਘ ਕੱਦ 162 ਸੈਂਟੀ ਮੀਟਰ, ਕਾਰ ਡ੍ਰਾਈਵਰ, ਮਾਸਕ ਤਨਖਾਹ 500 ਰੁਪਏ ਲਈ ਨਿਤਨੇਮੀ-ਕੀਰਤਨੀ ਤੇ ਤਿਆਰ ਬਰ ਤਿਆਰ ਨਾਤੇ ਦੀ ਲੋੜ ਹੈ ।

**ਫ਼ਾਰਮ ਨੰ:** 153-ਇਕ 24 ਸਾਲਾ ਨਿਤਨੇਮੀ ਬੀਬੀ ਕੱਦ 5 ਫੁਟ, ਦਸਵੀਂ ਪਾਸ ਲਈ ਯੋਗ ਵਰ ਦੀ ਲੋੜ ਹੈ।

**ਫ਼ਾਰਮ ਨੰ:** 154-ਇਕ 30 ਸਾਲਾ ਨਿਤਨੇਮੀ—ਕੀਰਤਨੀ ਬੀਬੀ, ਕੱਦ 5 ਫੁਟ ਚਾਰ ਇੰਚ ਬੀ.ਏ.ਬੀ.ਐਡ, ਸਰਕਾਰੀ ਪੱਕੀ ਨੌਕਰੀ, ਤਨਖਾਹ ਇਕ ਹਜ਼ਾਰ ਰੁਪਏ, ਇਕ ਲਤ ਪੋਲੀਉ ਨਾਲ ਖਰਾਬ ਲਈ ਯੋਗ ਗੁਰਸਿਖ, ਵਰ ਦੀ ਲੋੜ ਹੈ ।

**ਫ਼ਾਰਮ ਨੰ:** 155—ਇਕ 21 ਸਾਲਾ ਨਿਤਨੇਮੀ ਬੀਬੀ; ਬੀ.ਏ. ਪਾਸ, ਕੱਦ 5 ਫ਼ੁਟ 2 ਇੰਚ, ਲਈ ਗੁਰਸਿਖ ਪਰਵਾਰ ਵਿਚੋਂ ਯੋਗ ਵਰ ਦੀ ਲੋੜ ਹੈ ।

**ਫ਼ਾਰਮ ਨੰ:** 156—ਇਕ 26 ਸਾਲਾ ਸਿੰਘ, ਕੱਦ 5 ਫੁਟ 7 ਇੰਚ, ਮੈਟਰਿਕ ਪਾਸ, ਫ਼ਾਰਮਸਿਸਟ ਸਰਕਾਰੀ ਨੌਕਰੀ; ਤਨਖਾਹ 750 ਰੁਪਏ, ਲਈ ਮੈਡੀਕਲ ਜਾਂ ਟੀਚਿੰਗ ਲਾਈਨ ਵਿਚ ਨੌਕਰੀ ਵਾਲੇ ਨਾਤੇ ਦੀ ਲੋੜ ਹੈ ।

**ਫ਼ਾਰਮ ਨੰ:** 157—ਇਕ 24 ਸਾਲਾ ਫੌਜੀ ਕਲਰਕ ਸਿੰਘ, ਤਨਖਾਹ 600 ਰੁਪਏ ਕੱਦ 5 ਫੁਟ 6 ਇੰਚ, ਮੈਟਰਿਕ ਪਾਸ, ਜ਼ਮੀਨ ਸਾਢੇ ਪੰਜ ਕਿਲ੍ਹੇ, ਲਈ ਪੜ੍ਹੀ ਲਿਖੀ ਨੌਕਰੀ ਕਰਦੀ ਲੜਕੀ ਦੇ ਨਾਤੇ ਦੀ ਲੋੜ ਹੈ ।

**ਫ਼ਾਰਮ ਨੰ:** 158—ਇਕ 21 ਸਾਲਾ ਫੌਜੀ ਕਲਰਕ, ਤਨਖਾਹ 600 ਰੁਪਏ, ਕੱਦ 5 ਫੁਟ 3 ਇੰਚ, ਮੈਟਰਿਕ ਗਿਆਨੀ ਪਾਸ, ਜ਼ਮੀਨ ਸਾਢੇ ਪੰਜ ਕਿਲ੍ਹੇ ਲਈ ਪੜ੍ਹੀ ਲਿਖੀ ਨੌਕਰੀ ਪੇਸ਼ਾ ਨਾਤੇ ਦੀ ਲੋੜ ਹੈ ।

---

# ਜੈਪੁਰ ਵਿਖੇ ਸਾਲਾਨਾ ਅਖੰਡਪਾਠ ਤੇ ਅਖੰਡ ਕੀਰਤਨ

ਅਖੰਡ ਕੀਰਤਨੀ ਜਥਿਆਂ ਵਲੋਂ ਜੈਪੁਰ ਦੀ ਗੁਲਾਬੀ ਨਗਰੀ ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ । ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

੧੩ ਤੋਂ ੧੫ ਜਨਵਰੀ ੧੯੮੨ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ ਭਾਈ ਜਗਦੀਸ਼ ਸਿੰਘ ਜੀ ਦੇ ਮਕਾਨ ਨੰ: ੩੬੧, ਗਲੀ ਨੰ: ੧ ਰਾਜਾ ਪਾਰਕ ਵਿਖੇ ।

ਉਪਰੰਤ ੫—੩੦ ਤੋਂ ੧੨—੩੦ ਦੁਪਹਿਰ ਤਕ ਕੀਰਤਨ ਗੁਰਦਵਾਰਾ ਰਾਜਾ ਪਾਰਕ ਵਿਖੇ

ਸ਼ਾਮ ੬—੪੫ ਤੋਂ ੯—੩੦ ਅਖੰਡ ਕੀਰਤਨ ਗੁਰਦਵਾਰਾ ਜਵਾਹਰ ਨਗਰ (ਹਾਊਸਿੰਗ ਬੋਰਡ) ਵਿਖੇ

੧੬ ਜਨਵਰੀ ਸਵੇਰੇ ੫—੩੦ ਤੋਂ ੧੨—੩੦ ਅਖੰਡ ਕੀਰਤਨ ਗੁਰਦਵਾਰਾ ਗੁਰੂ ਨਾਨਕ ਪੁਰਾ

ਸ਼ਾਮ ਸੋਦਰ ਤੋਂ ਉਪਰੰਤ ਰੈਣ ਸਬਾਈ ਕੀਰਤਨ ਗੁਰਦਵਾਰਾ ਰਾਜਾ ਪਾਰਕ ਵਿਖੇ

ਨੋਟ—ਸਰਦੀ ਕਾਫ਼ੀ ਹੈ, ਇਸ ਲਈ ਲੋੜ ਅਨੁਸਾਰ ਬਿਸਤਰੇ ਲਿਆਉਣ ਦੀ ਖੇਚਲ ਕਰਨੀ ਜੀ ।

ਦਾਸਰੇ—ਅਖੰਡ ਕੀਰਤਨੀ ਜਥਾ, ਜੈਪੁਰ (ਰਾਜਸਥਾਨ)



www.AKJ.Org

## 'ਸੂਰਾ' ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਪਾਠਕਾਂ ਵਿਚੋਂ ਚਿਟ ਨੰਬਰ 3950/2205ਕੈਨੇਡਾ ਦੇ750/-ਰੁਪਏ ਅਤੇ ਬਾਕੀ ਨੌਵਾਂ ਦੇ ਡੇਢ ਡੇਢ ਸੌ ਰੁਪਏ ਪੁਜੇ ਹਨ। ਬੈਂਕ ਤੋਂ ਇਨ੍ਹਾਂ ਸਭਨਾਂ ਪਾਠਕਾਂ ਦੀ ਸਾਂਝੀ ਐਫ਼. ਡੀ. ਬਣਵਾ ਦਿਤੀ ਗਈ ਹੈ। ਐਫ਼. ਡੀ. ਦਾ ਨੰਬਰ ਹੈ 204571/1274/81 ਮਿਤੀ 24-12-81 ਤੋਂ 24-12-82 ਤਕ, ਰਕਮ 2100/-

ਸ: ਗੁਰਪਾਲ ਸਿੰਘ ਸਿਧੂ ਐਸ. ਡੀ. ਓ. (ਚਿਟ ਨੰਬਰ 3943), ਮੈ: ਕਰਤਾਰ ਸਿੰਘ ਹਰਜੀਤ ਸਿੰਘ ਬੰਗਾ (3944), ਸ੍ਰੀ ਗੁਰੂ ਗੋਬਿੰਦ ਸਿੰਘ ਲਾਇਬਰੇਰੀ ਪਟਨਾ ਸਾਹਿਬ (3945), ਸ: ਕਰਤਾਰ ਸਿੰਘ ਬੰਗਾ (3946), ਸ: ਨਰਿੰਦਰਪਾਲ ਸਿੰਘ ਨਵੀਂ ਦਿੱਲੀ (3947), ਸ: ਤ੍ਰਿਲੋਕ ਸਿੰਘ ਆਗਰਾ ਛਾਉਣੀ(3948), Cpl. ਬਲਵਿੰਦਰ ਸਿੰਘ ਖੇੜਾ (3949), ਸ: ਜਗੀਰ ਸਿੰਘ ਗਿਲ ਕੈਨੇਡਾ (3950/2205), ਸ: ਚੰਚਲ ਸਿੰਘ ਨਾਗਪੁਰ (3951), ਗੁਰਦੁਆਰਾ ਸਾਹਿਬ ਭਾਰੋਵਾਲ (3952)।

## 'ਸੂਰਾ' ਦੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ 32 ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਵਲੋਂ ਨਵੇ ਵਧੇ ਰੇਟਾਂ ਅਨੁਸਾਰ ਪੰਜਾਹ ਪੰਜਾਹ ਰੁਪਏ ਹੋਰ ਪੁਜੇ ਹਨ। ਇਨ੍ਹਾਂ ਦੀ ਬਣਵਾਈ ਗਈ ਐਫ਼. ਡੀ. ਦਾ ਨੰਬਰ ਇਹ ਹੈ:–204578/1273/81 ਮਿਤੀ 24-12-81 ਤੋਂ 24-12-84, ਰਕਮ 1600/- ਰੁਪਏ।

Lt. Col. ਕੇ. ਐਸ. ਗਿਲ (ਚਿਟ ਨੰਬਰ 3002), ਸ: ਮਨਮੋਹਨ ਸਿੰਘ ਨਵੀਂ ਦਿੱਲੀ (3034), ਸ: ਮਨਸ਼ਾ ਸਿੰਘ ਭੋਗਲ (3051), ਇਸਤਰੀ ਸਤਸੰਗ ਮੋਤੀ ਨਗਰ, (3080), ਸ: ਪਰਤਾਪ ਸਿੰਘ ਪਟਨਾ ਸਿਟੀ (3137), ਸ: ਹਰਮਿੰਦਰ ਸਿੰਘ ਹੁਸ਼ਿਆਰਪੁਰ (3144), ਸ: ਹਰਬੰਸ ਸਿੰਘ ਤੇਗ (3156), ਸ: ਅਮਰ ਸਿੰਘ ਚੰਡੀਗੜ੍ਹ (3172), ਸ: ਦਰਸ਼ਨ ਸਿੰਘ ਨਵੀਂ ਦਿੱਲੀ (3180), ਡਾ: ਅਜੀਤ ਸਿੰਘ ਵੈਟਰੇ-ਨੀਅਨ (3188), ਡਾ: ਹਰਚਰਨ ਸਿੰਘ ਅੰਮ੍ਰਿਤਸਰ (3216), ਸ: ਸ਼ਿੰਗਾਰਾ ਸਿੰਘ ਪਟਨਾ (3345), ਸ: ਨਿਹਾਲ ਸਿੰਘ ਪਿੰਡ ਮਾਖਾ (3358), ਗੁਰਦਵਾਰਾ ਸਾਹਿਬ M.C.T.E. ਮਹੂ (3338), ਨੈਬ ਸੂਬੇਦਾਰ ਹਿੰਮਤ ਸਿੰਘ ਦਿਉਲਾਲੀ (3401), M. W. O. ਨੌਨਿਹਾਲ ਸਿੰਘ ਗਿਲ ਜੋਧਪੁਰ (3403), ਖਾਲਸਾ ਕਲਾਥ ਸਟੋਰ ਪਟਨਾ ਸਿਟੀ (3416), ਕਮਾਂਡਰ ਇਕਬਾਲ ਸਿੰਘ ਕੋਛੜ ਪਟਿਆਲਾ (3457), ਐਸ. ਕੇ. ਟੀ. ਰੇਸ਼ਮ ਸਿੰਘ (3476), ਸ: ਅਵਤਾਰ ਸਿੰਘ ਗੁਜਰਾਲ ਚੰਡੀਗੜ੍ਹ (3484), ਸ: ਤਾਰਾ ਸਿੰਘ ਹਰਭਜਨ ਸਿੰਘ (3515), ਸ: ਹਰਦਿਤ ਸਿੰਘ ਨਵੀਂ ਦਿੱਲੀ (3556), ਭਾਈ ਖੇਮ ਸਿੰਘ ਬਜਾਜ ਅੰਮ੍ਰਿਤਸਰ(3616), ਸ: ਕੁਲਵੰਤ ਸਿੰਘ ਪੰਜਾਬ ਸਿੰਧ ਬੈਂਕ (3721), ਭਾਈ ਨਿਰੰਤਰ ਸਿੰਘ ਬੀਬੀ ਪ੍ਰਕਾਸ਼ ਕੌਰ (3752), ਸ: ਅਜੀਤ ਸਿੰਘ ਇਮਫਾਲ (3766), ਸ: ਬੀਰ ਸਿੰਘ ਅਲੀਪੁਰ ਜਹਾਂਗੀਰਪੁਰ (3819), ਸ: ਗੁਰਬਚਨ ਸਿੰਘ ਪਿੰਡ ਮਾੜੇ (3838), ਸ: ਕੀਮਤ ਸਿੰਘ ਗਾਂਧੀਧਾਮ (3844), ਸ: ਗਜਿੰਦਰ ਸਿੰਘ ਚੰਡੀਗੜ੍ਹ (3855), ਸ: ਗਿਆਨ ਸਿੰਘ ਭੇੜਾ ਪਥਿਆਲ (3888), ਹਵਾਲਦਾਰ ਰੇਸ਼ਮ ਸਿੰਘ (3900)।

### ਪਰਦੇਸਾਂ ਲਈ ਰੇਟ

ਸਾਲਾਨਾ ਚੰਦਾ ਸਮੁੰਦਰੀ ਡਾਕ ਸਭ ਦੇਸ਼ਾਂ ਲਈ 30/- ਰੁਪਏ ਸਾਲ

ਹਵਾਈ ਡਾਕ ਅਰਬ ਮਲਾਇਆ 45/-, ਯੂ. ਕੇ. ਅਫ਼ਰੀਕਾ 60/-, ਕੈਨੇਡਾ ਅਮਰੀਕਾ 70/– ਰੁਪਏ ਸਾਲ।

### ਅਮਾਨਤੀ ਲਾਈਫ਼ ਮੈਂਬਰ

ਸਮੁੰਦਰੀ ਡਾਕ ਸਭ ਦੇਸ਼ਾਂ ਲਈ 300/–

ਹਵਾਈ ਡਾਕ ਅਰਬ ਮਲਾਇਆ 500/–, ਯੂ. ਕੇ. ਅਫ਼ਰੀਕਾ 650/–, ਕੈਨੇਡਾ ਅਮਰੀਕਾ 750/-

www.AKJ.Org

# ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸਾਲਾਨਾ ਅਖੰਡ ਕੀਰਤਨ

## *5 ਤੋਂ 8 ਫ਼ਰਵਰੀ ਸੋਮਵਾਰ ਸਵੇਰ ਤਕ, ਰੈਣ ਸਬਾਈ 7 ਫ਼ਰਵਰੀ ਰਾਤ ਨੂੰ*

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਪਟਿਆਲਾ ਗੁ: ਦੂਖ ਨਿਵਾਰਨ ਸਾਹਿਬ ਵਿਖੇ ਪੁਜ ਰਹੇ ਹਨ। ਹੇਠ ਲਿਖੇ ਪ੍ਰੋਗਰਾਮ ਅਨੁਸਾਰ ਰਸ-ਭਿੰਨੇ ਕੀਰਤਨ ਅਤੇ ਦੋ ਅਖੰਡਪਾਠਾਂ ਦੇ ਪ੍ਰਵਾਹ ਚਲ ਰਹੇ ਹਨ। ਆਇ ਦੀਦਾਰ ਬਖ਼ਸ਼ੋ ਜੀ।

3 ਤੋਂ 5 ਫ਼ਰਵਰੀ ਪਹਿਲੇ ਸ੍ਰੀ ਅਖੰਡਪਾਠ ਤੋਂ ਉਪਰੰਤ ਦੂਜੇ ਸ੍ਰੀ ਅਖੰਡਪਾਠ ਅਰੰਭ ਗੁਰੂ ਤੇਗ ਬਹਾਦਰ ਨਿਵਾਸ ਅਸਥਾਨ

5 ਫ਼ਰਵਰੀ ਸ਼ਾਮ 5 ਤੋਂ 6-30 ਹਜ਼ੂਰੀ ਕੀਰਤਨ — ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ

6 ਫ਼ਰਵਰੀ ਸਵੇਰੇ 5 ਤੋਂ 12-30 ਆਸਾ ਦੀ ਵਾਰ ਤੇ ਅਖੰਡ ਕੀਰਤਨ — ,, ,, ,, ,,

ਸ਼ਾਮ 5 ਤੋਂ 7-30 ਅਖੰਡ ਕੀਰਤਨ — ਗੁਰਦਵਾਰਾ ਸਾਹਿਬ ਪੰਜਾਬੀ ਯੂਨੀਵਰਸਿਟੀ

7 ਫ਼ਰਵਰੀ ਸਵੇਰੇ 4 ਤੋਂ 12 ਤਕ ਸ੍ਰੀ ਅਖੰਡਪਾਠ ਦੀ ਸਮਾਪਤੀ ਉਪਰੰਤ ਹਜ਼ੂਰੀ ਕੀਰਤਨ ਗੁ: ਦੂਖ ਨਿਵਾਰਨ ਸਾਹਿਬ

ਸ਼ਾਮ 4 ਵਜੇ ਅੰਮ੍ਰਿਤ ਸਿੰਚਾਰ ਅਰੰਭ

ਰਾਤ 7 ਵਜੇ ਰੈਣ ਸਬਾਈ ਕੀਰਤਨ ਅਰੰਭ ਤੇ 8 ਫ਼ਰਵਰੀ ਸਵੇਰੇ 6 ਵਜੇ ਸਮਾਪਤੀ

ਰਿਹਾਇਸ਼ ਲੰਗਰ ਆਦਿ ਦੂਖ ਨਿਵਾਰਨ ਸਾਹਿਬ ਵਿਖੇ। ਲੋੜ ਅਨੁਸਾਰ ਬਿਸਤਰੇ ਜ਼ਰੂਰੀ ਲਿਆਉਣੇ ਜੀ!

ਪੁਛ ਗਿਛ—ਡਾ: ਸੁਰਜੀਤ ਸਿੰਘ, 99-ਐਫ., ਰਾਜਪੁਰਾ ਕਾਲੋਨੀ, ਪਟਿਆਲਾ    ਦਾਸਰੇ-ਅਖੰਡ ਕੀਰਤਨੀ ਜਥਾ, ਪਟਿਆਲਾ

---

## *ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ ਚਲਦਾ ਵਹੀਰ ਵਲੋਂ ਕੀਰਤਨ ਪ੍ਰੋਗਰਾਮ*

16 ਜਨਵਰੀ 1982 ਸ਼ਨੀਵਾਰ ਦੀ ਰਾਤ ਨੂੰ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ਗੁਰਦਵਾਰਾ ਰਾਮਸਰ ਵਿਖੇ 23 ਜਨਵਰੀ ਗੁਰਦਵਾਰਾ ਗਹਰੀ ਮੰਡੀ, ਜੰਡਿਆਲਾ ਗੁਰੂ, ਰੇਲਵੇ ਸਟੇਸ਼ਨ ਲਾਗੇ, 30 ਜਨਵਰੀ ਗੁਰਦਵਾਰਾ ਸਾਹਿਬ ਅਜਨਾਲਾ ਜ਼ਿਲਾ ਅੰਮ੍ਰਿਤਸਰ ਵਿਖੇ ਰਾਤ ਨੂੰ 8 ਤੋਂ 10-30 ਤਕ ਕੀਰਤਨ ਹੋਣਗੇ।

---

# ਜੈਪੁਰ ਵਿਖੇ ਸਾਲਾਨਾ ਕੀਰਤਨ ਸਮਾਗਮ 15 ਤੋਂ 17 ਜਨਵਰੀ ਨੂੰ

ਪ੍ਰੋਗਰਾਮ ਦਾ ਵੇਰਵਾ ਅੰਦਰ ਵੇਖੋ

---

## ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ ਚਲਦਾ ਵਹੀਰ ਵਲੋਂ ਪਿੰਡਾਂ ਵਿਖੇ ਕੀਰਤਨ

ਨਿਹੰਗ ਸਿੰਘ ਭਾਈ ਮਹਿੰਦਰ ਸਿੰਘ ਜੀ ਪਿੰਡ ਰਾਪੁਰ ਤੋਂ ਸੂਚਿਤ ਕਰਦੇ ਹਨ ਕਿ ਸ਼ਹੀਦਾਂ ਦੀ ਯਾਦ ਵਿਚ ਪਿੰਡਾਂ ਵਿਚ ਰਾਤ 7 ਤੋਂ 10 ਤਕ ਹੇਠ ਲਿਖੇ ਅਨੁਸਾਰ ਕੀਰਤਨ ਪ੍ਰੋਗਰਾਮ ਹੋ ਰਹੇ ਹਨ :-

ਜਨਵਰੀ 4–ਬੈਂਚਾ, 7–ਦੇਹਰੀਵਾਲ, 11–ਘੋੜਾਵਾਹ, 14–ਦਰੀਆ ਵਾਬਕ, 18–ਚੱਕ ਪਤਿਆਲਾਂ,
21–ਚੱਕ ਸ਼ਕੂਰ. 25–ਮੋਕਲਾਂ, 28–ਜਹੂਰਾ।

---

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ

Title NAVKETAN Ptg. Press, Asr.

www.AKJ.Org